Ministry of Education and Child Care



# ਵਿਦਿਆਰਥੀ ਸਿਖਿਆ ਬਾਰੇ ਗੱਲ ਕਰਨਾ:



## ਮਾਤਾ-ਪਿਤਾ ਅਤੇ ਕੇਅਰਗਿਵਰਜ਼ ਵਾਸਤੇ ਜਾਣਕਾਰੀ

# ਜਾਣ-ਪਛਾਣ

ਜਦ ਤੁਸੀਂ ਸਕੂਲ ਵਿੱਚ ਸੀ, ਤਾਂ ਕੀ ਤੁਹਾਨੂੰ ਜਾਣਕਾਰੀ ਯਾਦ ਕਰਨ ਅਤੇ ਕਿਸੇ ਟੈਸਟ ਵਿੱਚ ਇਸਨੂੰ ਦੁਹਰਾਉਣ ਲਈ ਕਿਹਾ ਗਿਆ ਸੀ, ਜਿਸ ਨੂੰ ਇਸ ਤੋਂ ਤੁਰੰਤ ਬਾਦ ਤੁਸੀਂ ਭੁੱਲ ਜਾਣਾ ਸੀ? ਹੁਣ ਅਸੀਂ ਜਾਣਦੇ ਹਾਂ ਕਿ ਸਿੱਖਣਾ ਕੇਵਲ ਰੱਟਾ ਮਾਰਨਾ ਨਹੀਂ ਹੈ – ਇਹ ਉਸ ਚੀਜ਼ ਦੀ ਵਰਤੋਂ ਕਰਨ ਦੇ ਯੋਗ ਹੋਣਾ ਹੈ ਜਿਹੜੀ ਅਸੀਂ ਜਾਣਦੇ ਹਾਂ ਅਤੇ ਇਸਨੂੰ ਅਸਲ-ਸੰਸਾਰ ਵਿੱਚ ਲਾਗੂ ਕਰਨਾ ਹੈ। ਅੱਜ ਕੱਲ੍ਹ ਯੂਨੀਵਰਸਿਟੀਆਂ, ਕਾਲਜ, ਅਤੇ ਰੁਜ਼ਗਾਰਦਾਤਾ ਇਸ ਗੱਲ ਦੀ ਵਧੇਰੇ ਪਰਵਾਹ ਕਰਦੇ ਹਨ ਕਿ ਵਿਦਿਆਰਥੀ ਕਿਵੇਂ ਸੋਚਦੇ ਹਨ ਨਾ ਕਿ ਕਿੰਨ੍ਹੇ ਕੁ ਤੱਥਾਂ ਨੂੰ ਦੁਹਰਾ ਸਕਦੇ ਹਨ।

ਵਿਦਿਆਰਥੀ ਅੱਜ ਜੋ ਸਿੱਖ ਰਹੇ ਹਨ, ਉਹ ਪਹਿਲਾਂ ਦੇ ਕਿਸੇ ਵੀ ਸਮੇਂ ਨਾਲੋਂ ਵੱਧ ਗੁੰਝਲਦਾਰ ਹੈ। ਬ੍ਰਿਟਿਸ਼ ਕੋਲੰਬੀਆ ਨੇ ਅੱਜ ਦੇ ਸਿਖਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰੱਖਕੇ ਸੂਬਾਈ ਪਾਠਕ੍ਰਮ ਨੂੰ ਮੁੜ-ਡਿਜ਼ਾਈਨ ਕੀਤਾ ਹੈ। ਇਹ ਪਾਠਕ੍ਰਮ ਤੁਹਾਡੇ ਬੱਚੇ ਨੂੰ ਪੜ੍ਹਨ, ਲਿਖਣ, ਅਤੇ ਗਣਿਤ ਵਿੱਚ ਇੱਕ ਮਜ਼ਬੂਤ ਆਧਾਰ ਪ੍ਰਦਾਨ ਕਰਾਉਣਾ ਜਾਰੀ ਰੱਖੇਗਾ। ਪਰ ਇਹ ਤੁਹਾਡੇ ਬੱਚੇ ਨੂੰ ਇਹ ਵੀ ਸਿਖਾਉਂਦਾ ਹੈ ਕਿ ਕਿਵੇਂ ਸੋਚਣਾ, ਸੰਚਾਰ ਕਰਨਾ, ਸਮੱਸਿਆਵਾਂ ਨੂੰ ਹੱਲ ਕਰਨਾ ਹੈ, ਅਤੇ ਆਪਣੇ ਗਿਆਨ ਨੂੰ ਅਜਿਹੇ ਤਰੀਕਿਆਂ ਨਾਲ ਵਰਤਣਾ ਹੈ ਜੋ ਸਕੂਲ ਵਿੱਚ ਮਾਅਨੇ ਰੱਖਦੇ ਹਨ ਅਤੇ  ਤੇਜ਼ੀ ਨਾਲ ਬਦਲ ਰਹੇ ਭਵਿੱਖ ਵਿੱਚ ਵੀ ਮਾਅਨੇ ਰੱਖੇਗਾ।

ਨਵਾਂ ਪਾਠਕ੍ਰਮ 2019 ਤੋਂ ਲੈਕੇ ਸਾਰੇ ਗਰੇਡਾਂ ਵਿੱਚ ਲਾਗੂ ਹੈ, ਪਰ ਰਿਪੋਰਟ ਕਾਰਡ ਅਤੇ ਵਿਦਿਆਰਥੀ ਦੇ ਸਿੱਖਣ ਦੇ ਤਰੀਕੇ ਵਿੱਚ ਦਹਾਕਿਆਂ ਤੋਂ ਸੱਚਮੁੱਚ ਕੋਈ ਤਬਦੀਲੀ ਨਹੀਂ ਆਈ ਹੈ। ਪਾਠਕ੍ਰਮ ਦੇ ਅਨੁਸਾਰੀ ਬਣਾਉਣ ਲਈ ਅਤੇ ਇਹ ਯਕੀਨੀ ਬਣਾਉਣ ਲਈ ਕਿ ਪ੍ਰਾਂਤ ਵਿੱਚ ਹਰੇਕ ਵਿਦਿਆਰਥੀ ਉਸਦੀ ਸਿੱਖਿਆ ਵਿੱਚ ਸਫਲਤਾ ਹਾਸਲ ਕਰੇ, ਰਿਪੋਰਟ ਕਾਰਡ ਹੁਣ ਬਦਲ ਰਹੇ ਹਨ।

ਤੁਹਾਨੂੰ ਯਾਦ ਹੋਵੇਗਾ ਕਿ ਤੁਹਾਡੀ ਪਾਠ-ਪੁਸਤਕ ਦੇ ਕਿਸੇ ਅਧਿਆਇ ਦੇ ਅੰਤ ਵਿੱਚ ਜਾਂ ਕਿਸੇ ਟੈਸਟ ਦੇ ਬਾਅਦ ਤੁਹਾਨੂੰ ਇੱਕ ਲੈਟਰ ਗਰੇਡ ਜਾਂ ਪ੍ਰਤੀਸ਼ਤ ਪ੍ਰਾਪਤ ਹੋਇਆ ਸੀ, ਜੋ ਤੁਹਾਨੂੰ ਇਹ ਸੰਕੇਤ ਦਿੰਦਾ ਸੀ ਕਿ ਇਹ ਪੜ੍ਹਾਈ ਖਤਮ ਹੋ ਗਈ ਹੈ। ਅੱਜ ਅਸੀਂ ਜਾਣਦੇ ਹਾਂ ਕਿ ਇੱਕ ਵਾਰ ਜਦੋਂ ਵਿਦਿਆਰਥੀ ਕੋਈ ਅਸਾਈਨਮੈਂਟ ਮੁਕੰਮਲ ਕਰਦੇ ਹਨ ਜਾਂ ਕੋਈ ਟੈਸਟ ਪੂਰਾ ਕਰਨ ਤੋਂ ਬਾਅਦਸਿੱਖਣਾ ਬੰਦ ਨਹੀਂ ਹੁੰਦਾ। ਅਸੀਂ ਇਹ ਵੀ ਜਾਣਦੇ ਹਾਂ:

• ਵਿਦਿਆਰਥੀ ਦੀ ਪੜ੍ਹਾਈ ਲੈਟਰ ਗਰੇਡਜ਼ ਦੀ ਬਜਾਏ ਹੋਰ ਬਿਹਤਰ ਤਰੀਕਿਆਂ ਨਾਲ ਵੀ ਦਰਸਾਈ ਜਾ ਸਕਦੀ ਹੈ
• ਵਿਦਿਆਰਥੀ ਦੀ ਪੜ੍ਹਾਈ ਬਾਰੇ ਟੀਚਰ ਦੀ ਫ਼ੀਡਬੈਕ ਵਿਦਿਆਰਥੀ ਨੂੰ ਪੜ੍ਹਾਈ ਜਾਰੀ ਰੱਖਣ ਵਿਚ ਮਦਦ ਕਰਦੀ ਹੈ
• ਵਿਦਿਆਰਥੀਆਂ ਨੇ ਆਪਣੀ ਪੜ੍ਹਾਈ ਬਾਰੇ ਕਿਸ ਤਰਾਂ ਦੱਸਣਾ ਹੈ, ਜੇ ਉਸ ਵਿਚ ਉਨ੍ਹਾਂ ਦੀ ਰਾਏ ਲਈ ਜਾਵੇ ਤਾਂ ਵਿਦਿਆਰਥੀ ਵੱਧ ਜੀਅ ਲਾਕੇ ਪੜ੍ਹਾਈ ਕਰਦੇ ਹਨ

ਇਸੇ ਕਰਕੇ ਵਿਦਿਆਰਥੀ ਕਿੰਡਰਗਾਰਟਨ ਤੋਂ ਗਰੇਡ 9 ਤੱਕ ਦੇ ਚਾਰ-ਨੁਕਾਤੀ ਪ੍ਰਵੀਨਤਾ ਪੈਮਾਨੇ 'ਤੇ ਅੰਕ ਪ੍ਰਾਪਤ ਕਰਨਗੇ। (ਗਰੇਡ 10-12 ਦੇ ਵਿਦਿਆਰਥੀਆਂ ਨੂੰ ਅਜੇ ਵੀ ਇੱਕ ਲੈਟਰ ਗਰੇਡ ਅਤੇ ਪ੍ਰਤੀਸ਼ਤਤਾ ਪ੍ਰਾਪਤ ਹੋਵੇਗੀ ਤਾਂ ਜੋ ਸੈਕੰਡਰੀ ਤੋਂ ਬਾਅਦ ਦੀ ਸਿੱਖਿਆ ਵਿੱਚ ਉਹਨਾਂ ਦੇ ਦਾਖਲੇ ਵਿਚ ਮਦਦ ਹੋ ਸਕੇ।) ਅਤੇ ਸਾਰੇ ਵਿਦਿਆਰਥੀਆਂ ਵਾਸਤੇ ਰਿਪੋਰਟ ਕਰਨ ਵਿੱਚ ਹੁਣ ਸਵੈ-ਚਿੰਤਨ ਅਤੇ ਟੀਚਾ ਤੈਅ ਕਰਨਾ ਸ਼ਾਮਲ ਹੋਵੇਗਾ।

ਇਹਨਾਂ ਤਬਦੀਲੀਆਂ ਦਾ ਮਤਲਬ ਇਹ ਹੈ ਕਿ ਹੋ ਸਕਦਾ ਹੈ ਰਿਪੋਰਟ ਕਾਰਡ ਉਸ ਤਰਾਂ ਨਾ ਦਿਖਾਈ ਦੇਣ ਜਿਸ ਤਰਾਂ ਦੇ ਤੁਹਾਡੇ ਸਕੂਲ ਵਿੱਚ ਹੋਣ ਵੇਲੇ ਹੁੰਦੇ ਸਨ। ਪਰ ਜਿਹੜੀ ਜਾਣਕਾਰੀ ਤੁਸੀਂ ਹੁਣ ਪ੍ਰਾਪਤ ਕਰੋਗੇ, ਉਹ ਇਸ ਚੀਜ਼ ਦੀ ਇੱਕ ਸੰਪੂਰਨ ਤਸਵੀਰ ਪ੍ਰਦਾਨ ਕਰੇਗੀ ਕਿ ਤੁਹਾਡਾ ਬੱਚਾ ਕੀ ਕਰ ਸਕਦਾ ਹੈ, ਉਸਨੂੰ ਕਿੱਥੇ ਸੁਧਾਰ ਕਰਨ ਦੀ ਲੋੜ ਹੈ, ਅਤੇ ਤੁਸੀਂ ਉਹਨਾਂ ਦੀ ਸਿੱਖਿਆ ਵਿੱਚ ਸਹਾਇਤਾ ਕਿਵੇਂ ਕਰ ਸਕਦੇ ਹੋ। ਇਸ ਤਰੀਕੇ ਨਾਲ ਰਿਪੋਰਟ ਕਰਨਾ ਇਹ ਸੁਨਿਸ਼ਚਿਤ ਕਰੇਗਾ ਕਿ ਵਿਦਿਆਰਥੀ ਨੰਬਰਾਂ ਲਈ ਮੁਕਾਬਲੇ ਵਿਚ ਪੈਣ ਦੀ ਬਜਾਏ ਸਿੱਖਣ ਵੱਲ ਧਿਆਨ ਦਿੰਦੇ ਹਨ।

ਰਿਪੋਰਟ ਕਾਰਡਾਂ ਲਈ ਕੀਤੀਆਂ ਜਾ ਰਹੀਆਂ ਤਬਦੀਲੀਆਂ ਬਾਰੇ ਵਧੇਰੇ ਜਾਣਕਾਰੀ ਵਾਸਤੇ ਅੱਗੇ ਪੜ੍ਹੋ।



# ਅੰਦਰ ਕੀ ਹੈ?

1. ## ਮੇਰਾ ਬੱਚਾ ਕੀ ਸਿੱਖ ਰਿਹਾ ਹੈ?

   ਬੀਸੀ ਦੇ ਪਾਠਕ੍ਰਮ ਦੀ ਇੱਕ ਝਲਕ, ਜੋ ਇਹ ਤੈਅ ਕਰਦੀ ਹੈ ਕਿ ਤੁਹਾਡੇ ਬੱਚੇ ਨੂੰ ਜਮਾਤ ਵਿੱਚ ਕਿਸ ਚੀਜ਼ ਬਾਰੇ ਪੜ੍ਹਾਇਆ ਜਾ ਰਿਹਾ ਹੈ ਅਤੇ ਕਿਸ ਚੀਜ਼ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ

2. ## ਮੇਰਾ ਬੱਚਾ ਕਿਵੇਂ ਚੱਲ ਰਿਹਾ ਹੈ, ਉਸ ਬਾਰੇ ਮੈਨੂੰ ਕਿਵੇਂ ਪਤਾ ਲੱਗੇਗਾ?

   ਇਸ ਚੀਜ਼ ਦਾ ਸਾਰਾਂਸ਼ ਕਿ ਤੁਹਾਡੇ ਬੱਚੇ ਦੇ ਰਿਪੋਰਟ ਕਾਰਡਾਂ 'ਤੇ ਕੀ ਕੁੱਝ ਹੋ ਸਕਦਾ ਹੈ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਕੀ ਤੁਹਾਡੇ ਬੱਚੇ ਨੂੰ ਕੋਈ ਅਪੰਗਤਾ ਜਾਂ ਵਿਲੱਖਣ ਯੋਗਤਾ ਹੈ

3. ## ਮੇਰੇ ਬੱਚੇ ਨੂੰ ਲੈਟਰ ਗਰੇਡ ਕਿਉਂ ਨਹੀਂ ਮਿਲ ਰਹੇ?

   ਪ੍ਰਵਿੰਸ਼ਲ ਪ੍ਰਵੀਨਤਾ ਪੈਮਾਨਾ ਕੀ ਹੈ ਅਤੇ ਇਸਦੀ ਵਰਤੋਂ ਕਿਵੇਂ ਕੀਤੀ ਜਾਵੇਗੀ
   ਗਰੇਡ ਕੇ-9 ਦੇ ਵਿਦਿਆਰਥੀਆਂ ਲਈ

4. ## **ਵਿਆਖਿਆਤਮਕ ਫੀਡਬੈਕ** ਕੀ ਹੈ?

   ਇਸ ਚੀਜ਼ ਦਾ ਵਰਣਨ ਕਿ ਉਹਨਾਂ ਲਿਖਤੀ ਟਿੱਪਣੀਆਂ ਵਿੱਚ ਕੀ ਹੋ ਸਕਦਾ ਹੈ ਜੋ ਤੁਹਾਡਾ ਬੱਚਾ ਆਪਣੇ ਰਿਪੋਰਟ ਕਾਰਡਾਂ 'ਤੇ ਪ੍ਰਾਪਤ ਕਰੇਗਾ

5. ## ਬੱਚਾ ਸਵੈ-ਚਿੰਤਨ ਕਿਉਂ ਕਰ ਰਿਹਾ ਹੈ ਅਤੇ ਟੀਚੇ ਕਿਉਂ ਤੈਅ ਕਰ ਰਿਹਾ ਹੈ?

   ਸਵੈ-ਚਿੰਤਨ ਅਤੇ ਟੀਚਾ-ਤੈਅ ਕਰਨ ਦੇ ਹੁਨਰਾਂ ਦੀ ਮਹੱਤਤਾ, ਅਤੇ ਇਹ ਵੀ ਕਿ ਇਹਨਾਂ ਖੇਤਰਾਂ ਵਿੱਚ ਤੁਹਾਡਾ ਬੱਚਾ ਕਿਵੇਂ ਵਿਕਾਸ ਕਰੇਗਾ

6. ## ਮੇਰਾ ਬੱਚਾ ਸਹੀ ਰਸਤੇ ਤੇ ਹੈ, ਉਸ ਬਾਰੇ ਮੈਨੂੰ ਕਿਵੇਂ ਪਤਾ ਲੱਗੇਗਾ?

   ਬ੍ਰਿਟਿਸ਼ ਕੋਲੰਬੀਆ ਵਿੱਚ ਗਰੈਜੂਏਸ਼ਨ ਕਰਨ ਦੇ ਵਿਭਿੰਨ ਰਸਤਿਆਂ ਬਾਰੇ ਜਾਣਕਾਰੀ, ਅਤੇ
   ਤੁਸੀਂ ਇਹ ਕਿਵੇਂ ਯਕੀਨੀ ਬਣਾ ਸਕਦੇ ਹੋ ਕਿ ਤੁਹਾਡਾ ਬੱਚਾ ਸਹੀ ਰਸਤੇ ਤੇ ਹੈ

# ਮੇਰਾ ਬੱਚਾ ਕੀ ਸਿੱਖ ਰਿਹਾ ਹੈ?



## ਬੀਸੀ ਦੇ ਪਾਠਕ੍ਰਮ ਨੂੰ ਮੁੜ-ਡਿਜ਼ਾਇਨ ਕਿਉਂ ਕੀਤਾ ਗਿਆ ਸੀ?

ਜਦ ਤੁਸੀਂ ਸਕੂਲ ਵਿੱਚ ਸੀ, ਤਾਂ ਪੜ੍ਹਾਈ ਇਹ ਹੁੰਦੀ ਸੀ ਕਿ ਤੁਹਾਨੂੰ ਜਾਣਕਾਰੀ ਯਾਦ ਕਰਨ ਅਤੇ ਕਿਸੇ ਟੈਸਟ ਵਿੱਚ ਇਸਨੂੰ ਦੁਹਰਾਉਣ ਲਈ ਕਿਹਾ ਜਾਵੇ, ਜਿਸ ਨੂੰ ਇਸ ਤੋਂ ਤੁਰੰਤ ਬਾਦ ਤੁਸੀਂ ਭੁੱਲ ਜਾਂਦੇ ਸੀ? ਹੁਣ ਅਸੀਂ ਜਾਣਦੇ ਹਾਂ ਕਿ ਚੰਗੀ ਸਿੱਖਿਆ ਕੇਵਲ ਰੱਟਾ ਮਾਰਨਾ ਨਹੀਂ ਹੈ – ਇਹ ਉਸ ਚੀਜ਼ ਦੀ ਵਰਤੋਂ ਕਰਨ ਦੇ ਯੋਗ ਹੋਣਾ ਹੈ ਜਿਹੜੀ ਅਸੀਂ ਜਾਣਦੇ ਹਾਂ ਅਤੇ ਇਸਨੂੰ ਅਸਲ-ਸੰਸਾਰ ਵਿੱਚ ਲਾਗੂ ਕਰਨਾ ਹੈ। ਅੱਜ ਕੱਲ੍ਹ ਯੂਨੀਵਰਸਿਟੀਆਂ, ਕਾਲਜ, ਅਤੇ ਰੁਜ਼ਗਾਰਦਾਤਾ ਇਸ ਗੱਲ ਦੀ ਵਧੇਰੇ ਪਰਵਾਹ ਕਰਦੇ ਹਨ ਕਿ ਵਿਦਿਆਰਥੀ ਕਿਵੇਂ ਸੋਚਦੇ ਹਨ ਨਾ ਕਿ ਕਿੰਨ੍ਹੇ ਕੁ ਤੱਥਾਂ ਨੂੰ ਰੱਟਾ ਮਾਰਕੇ ਦੁਹਰਾ ਸਕਦੇ ਹਨ।

ਇਹੀ ਕਾਰਨ ਹੈ ਕਿ ਬੀਸੀ ਨੇ ਉਸ ਚੀਜ਼ ਨੂੰ ਬਦਲ ਦਿੱਤਾ ਹੈ ਜੋ ਵਿਦਿਆਰਥੀਆਂ ਨੂੰ ਪੜ੍ਹਾਈ ਜਾਂਦੀ ਹੈ ਅਤੇ ਉਹਨਾਂ ਦੇ ਮੁਲਾਂਕਣ ਦੇ ਤਰੀਕੇ ਨੂੰ ਬਦਲਿਆ ਜਾ ਰਿਹਾ ਹੈ। ਮਾਤਾ-ਪਿਤਾ ਅਤੇ ਕੇਅਰਗਿਵਰ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਸਕੂਲ ਵਿਖੇ ਕੁੱਝ ਮੁੱਢਲੀਆਂ ਗੱਲਾਂ ਸਿੱਖਣ, ਜਿਵੇਂ – ਪੜ੍ਹਨਾ, ਲਿਖਣਾ, ਅਤੇ ਗਣਿਤ। ਮੁੜ-ਡਿਜ਼ਾਈਨ ਕੀਤੇ ਪਾਠਕ੍ਰਮ ਵਿੱਚ, ਇਹ ਵਿਸ਼ੇ ਮਹੱਤਵਪੂਰਨ ਬਣੇ ਰਹਿਣਗੇ, ਪਰ ਇਹ ਵਿਦਿਆਰਥੀਆਂ ਦੀ ਸਿੱਖਿਆ ਦਾ ਇੱਕੋ ਇੱਕ ਅਹਿਮ ਭਾਗ ਨਹੀਂ ਹਨ।

ਬੀਸੀ ਦਾ ਪਾਠਕ੍ਰਮ ਤੁਹਾਡੇ ਬੱਚੇ ਨੂੰ ਇਹਨਾਂ ਮਹੱਤਵਪੂਰਨ ਹੁਨਰਾਂ ਵਿੱਚ ਇੱਕ ਮਜ਼ਬੂਤ ਨੀਂਹ ਪ੍ਰਦਾਨ ਕਰਨਾ ਜਾਰੀ ਰੱਖੇਗਾ। ਪਰ ਇਹ ਤੁਹਾਡੇ ਬੱਚੇ ਨੂੰ ਇਹ ਵੀ ਸਿਖਾਉਂਦਾ ਹੈ ਕਿ ਕਿਵੇਂ ਸੋਚਣਾ, ਸੰਚਾਰ ਕਰਨਾ, ਸਮੱਸਿਆਵਾਂ ਨੂੰ ਹੱਲ ਕਰਨਾ ਹੈ, ਅਤੇ ਆਪਣੇ ਗਿਆਨ ਨੂੰ ਅਜਿਹੇ ਤਰੀਕਿਆਂ ਨਾਲ ਵਰਤਣਾ ਹੈ ਜੋ ਸਕੂਲ ਵਿੱਚ ਮਾਅਨੇ ਰੱਖਦਾ ਹੈ ਅਤੇ ਇੱਕ ਤੇਜ਼ੀ ਨਾਲ ਬਦਲ ਰਹੇ ਭਵਿੱਖ ਵਿੱਚ ਵੀ ਮਾਅਨੇ ਰੱਖੇਗਾ।

## ਬੀਸੀ ਦਾ ਪਾਠਕ੍ਰਮ:

- ਸਿਖਿਆ ਦੇ ਉੱਚ ਮਿਆਰ ਤੈਅ ਕਰਦਾ ਹੈ
- ਇਸ ਗੱਲ ਨੂੰ ਪ੍ਰੀਭਾਸ਼ਿਤ ਕਰਦਾ ਹੈ ਕਿ ਹਰ ਗਰੇਡ ਵਿਚ ਬੱਚੇ ਨੂੰ ਕੀ ਪੜ੍ਹਾਇਆ ਜਾਵੇਗਾ
- ਇਹ ਯਕੀਨੀ ਬਣਾਉਂਦਾ ਹੈ ਕਿ ਤੁਹਾਡੇ ਬੱਚੇ ਦਾ ਪੜ੍ਹਨ, ਲਿਖਣ, ਅਤੇ ਗਣਿਤ ਵਿੱਚ ਇੱਕ ਮਜ਼ਬੂਤ ਆਧਾਰ ਬਣੇ
- ਤੁਹਾਡੇ ਬੱਚੇ ਦੀਆਂ ਸੰਚਾਰ, ਸੋਚਣੀ, ਸਮੱਸਿਆ-ਹੱਲ ਕਰਨ, ਅਤੇ ਸਮਾਜਕ ਹੁਨਰ ਵਿਚ ਸਕਿਲਾਂ ਦਾ ਨਿਰਮਾਣ ਕਰਦਾ ਹੈ
- ਤੁਹਾਡੇ ਬੱਚੇ ਦੇ ਕਲਿਆਣੀ ਵਿਚ ਮਦਦ ਕਰਦਾ ਹੈ
- ਤੁਹਾਡੇ ਬੱਚੇ ਨੂੰ ਸਕੂਲ ਅਤੇ ਭਵਿੱਖ ਵਿੱਚ ਵਰਕਪਲੇਸ ਵਿਚ ਕਾਮਯਾਬੀ ਵਾਸਤੇ ਤਿਆਰ ਕਰਦਾ ਹੈ



**ਮਾਤਾ-ਪਿਤਾ ਅਤੇ ਕੇਅਰਗਿਵਰਜ਼ ਵਾਸਤੇ ਜਾਣਕਾਰੀ**

# ਟੀਚਿੰਗ ਅਤੇ ਸਿੱਖਣਾ

ਅੱਜ ਦਾ ਕਲਾਸਰੂਮ ਉਸ ਸਮੇਂ ਨਾਲੋਂ ਵੱਖ ਹੈ, ਜਦੋਂ ਤੁਸੀਂ ਸਕੂਲ ਵਿਚ ਸੀ। ਤੁਹਾਨੂੰ ਯਾਦ ਹੋਵੇਗਾ ਕਿ ਤੁਸੀਂ ਸਿਰਫ਼ ਟੈਕਸਟਬੁੱਕਾਂ ਜਾਂ ਵਰਕਸ਼ੀਟਾਂ ਤੋਂ ਪੜ੍ਹਦੇ ਸੀ। ਵਿਦਿਆਰਥੀ ਹੁਣ ਬਹੁਤ ਸਾਰੇ ਤਰੀਕਿਆਂ ਨਾਲ ਸਿੱਖਦੇ ਹਨ, ਅਕਸਰ ਕਲਾਸਰੂਮ ਦੇ ਅੰਦਰਲੇ ਅਤੇ ਬਾਹਰਲੇ ਦੋਨੋਂ ਤਰ੍ਹਾਂ ਦੇ ਅਨੁਭਵ ਰਾਹੀਂ। ਉਹ ਆਪਣੀ ਸਿਖਿਆ ਨੂੰ ਦਰਸਾਉਂਦੇ ਵੀ ਕਈ ਤਰੀਕਿਆਂ ਨਾਲ ਹਨ।

ਉਨ੍ਹਾਂ ਦੀ ਸਿੱਖਿਆ ਵਿੱਚ ਸਹਾਇਤਾ ਕਰਨ ਲਈ, ਅਧਿਆਪਕ ਅਜਿਹੇ ਪਾਠ ਤਿਆਰ ਕਰਦੇ ਹਨ ਜੋ ਵਿਦਿਆਰਥੀਆਂ ਨੂੰ ਵਿਸ਼ਿਆਂ ਦੀ ਪੜਚੋਲ ਕਰਨ ਅਤੇ ਮਹੱਤਵਪੂਰਨ ਸਮੱਗਰੀ ਸਿੱਖਣ ਦੇ ਯੋਗ ਬਣਾਉਂਦੇ ਹਨ। ਫੇਰ ਤੁਹਾਡੇ ਬੱਚੇ ਦਾ ਅਧਿਆਪਕ ਵਿਦਿਆਰਥੀਆਂ 'ਤੇ ਨਜ਼ਰ ਰੱਖ ਸਕਦਾ ਹੈ ਅਤੇ ਉਹਨਾਂ ਨਾਲ ਇਸ ਬਾਰੇ ਗੱਲਬਾਤ ਕਰ ਸਕਦਾ ਹੈ ਕਿ ਉਹਨਾਂ ਨੇ ਕੀ ਸਿੱਖਿਆ ਹੈ ਅਤੇ ਉਹ ਆਪਣੀ ਸਿੱਖਿਆ ਨੂੰ ਕਿਵੇਂ ਲਾਗੂ ਕਰ ਸਕਦੇ ਹਨ। ਅਧਿਆਪਕ ਉਹਨਾਂ ਵੱਲੋਂ ਇਕੱਤਰ ਕੀਤੀ ਸਾਰੀ ਜਾਣਕਾਰੀ ਦੀ ਵਰਤੋਂ ਕਰੇਗਾ, ਜਿਸ ਵਿੱਚ ਉਹ ਕੰਮ ਵੀ ਸ਼ਾਮਲ ਹੈ ਜੋ ਤੁਹਾਡਾ ਬੱਚਾ ਕਰਦਾ ਹੈ, ਤਾਂ ਜੋ ਤੁਹਾਡੇ ਬੱਚੇ ਦੀ ਸਿੱਖਿਆ ਦਾ ਮੁਲਾਂਕਣ ਕੀਤਾ ਜਾ ਸਕੇ। ਉਹ ਇਹ ਵੀ ਨਿਰਣਾ ਕਰਨਗੇ ਕਿ ਤੁਹਾਡਾ ਬੱਚਾ ਆਪਣੀ ਸਿੱਖਿਆ ਵਿੱਚ ਅੱਗੇ ਕਿਸ ਪਾਸੇ ਜਾਵੇਗਾ ਜਾਂ ਉਹਨਾਂ ਨੂੰ ਕਿੱਥੇ ਸੁਧਾਰ ਕਰਨ ਦੀ ਲੋੜ ਹੋ ਸਕਦੀ ਹੈ।

# ਸਿੱਖਣ ਦੇ ਖੇਤਰ

ਸਿੱਖਣ ਦੇ ਖੇਤਰ ਵਿੱਚ ਉਹ ਵਿਸ਼ੇ ਹਨ ਜੋ ਤੁਹਾਡੇ ਬੱਚੇ ਨੂੰ ਕਿੰਡਰਗਾਰਟਨ ਤੋਂ ਲੈਕੇ ਗਰੇਡ 12 ਤੱਕ ਪੜ੍ਹਾਏ ਜਾਣਗੇ। ਇਹਨਾਂ ਵਿੱਚ ਸ਼ਾਮਲ ਹਨ ਇੰਗਲਿਸ਼ ਲੈਂਗੂਏਜ ਆਰਟਸ, ਫਰੈਂਚ ਪਹਿਲੀ ਭਾਸ਼ਾ ਦੇ ਤੌਰ ਤੇ ਜਾਂ ਫਰੈਂਚ ਸੈਕੰਡ ਭਾਸ਼ਾ ਦੇ ਤੌਰ ਤੇ, ਅਤੇ ਇਸ ਤੋਂ ਇਲਾਵਾ:

- ਅਪਲਾਈਡ ਡਿਜ਼ਾਈਨ, ਸਕਿੱਲ, ਅਤੇ ਟੈਕਨੋਲੋਜੀ (ਸ਼ੌਪ, ਫੂਡ, ਅਕਾਉਂਟਿੰਗ, ਕੰਪਿਊਟਰ ਪ੍ਰੋਗਰਾਮਿੰਗ, ਆਦਿ)
- ਆਰਟਸ ਐਜੂਕੇਸ਼ਨ (ਨ੍ਰਿਤ, ਡਰਾਮ, ਸੰਗੀਤ, ਆਰਟ, ਆਦਿ)
- ਕਰੀਅਰ ਸਿੱਖਿਆ
- ਭਾਸ਼ਾਵਾਂ (ਫਸਟ ਨੇਸ਼ਨ ਭਾਸ਼ਾਵਾਂ, ਫਰੈਂਚ, ਅਤੇ ਹੋਰ ਭਾਸ਼ਾਵਾਂ)
- ਗਣਿਤ
- ਫਿਜ਼ੀਕਲ ਅਤੇ ਹੈਲਥ ਐਜੂਕਸ਼ਨ
- ਸਾਇੰਸ (ਲਾਈਫ ਸਾਇੰਸ, ਵਾਤਾਵਰਣ ਸਾਇੰਸ, ਫਿਜ਼ਿਕਸ, ਆਦਿ)
- ਸੋਸ਼ਲ ਸਟੱਡੀਜ਼ (ਬੀਸੀ ਫਸਟ ਪੀਪਲਜ਼, ਲਾਅ, ਵਿਸ਼ਵ ਇਤਿਹਾਸ,
- ਫਰੈਂਕੋਫੋਨ ਹਿਸਟਰੀ ਅਤੇ ਕਲਚਰ, ਆਦਿ)

ਸਿਖਿਅਤ ਨਾਗਰਿਕ ਵਿਕਸਤ ਕਰਨ ਲਈ ਸਿਖਿਆ ਦੇ ਸਾਰੇ ਖੇਤਰ ਅਹਿਮ ਹਨ। ਤੁਹਾਡਾ ਬੱਚਾ ਕੀ ਸਿੱਖ ਰਿਹਾ ਹੋਵੇਗਾ, ਉਹ ਇਸ ਗੱਲ ਤੇ ਨਿਰਭਰ ਕਰੇਗਾ ਕਿ ਸਾਲ ਦਾ ਕਿਹੜਾ ਸਮਾਂ ਹੈ ਅਤੇ ਤੁਹਾਡੇ ਬੱਚੇ ਦੇ ਸਕੂਲ ਦਾ ਸਕੈਜੂਅਲ ਕੀ ਹੈ।

# ਸਿਖਿਆ ਦੇ ਮਿਆਰ

ਸਿਖਿਆ ਦੇ ਹਰ ਖੇਤਰ ਦੇ ਕੁੱਝ ਸਿਖਿਆ ਮਿਆਰ ਹੁੰਦੇ ਹਨ, ਜਿਹੜੇ ਇਹ ਤੈਅ ਕਰਦੇ ਹਨ ਕਿ ਤੁਹਾਡੇ ਬੱਚੇ ਨੂੰ ਕੀ ਜਾਨਣਾ ਚਾਹੀਦਾ ਹੈ, ਕੀ ਕਰਨ ਦੇ ਸਮਰੱਥ ਹੋਣਾ ਚਾਹੀਦਾ ਹੈ ਅਤੇ ਸਮਝਣਾ ਚਾਹੀਦਾ ਹੈ। ਸਿੱਖਣ ਦੇ ਮਿਆਰ ਉਹ ਹੁੰਦੇ ਹਨ ਜੋ ਤੁਹਾਡੇ ਬੱਚੇ ਨੂੰ ਹਰੇਕ ਗਰੇਡ ਪੱਧਰ 'ਤੇ ਸਿਖਾਇਆ ਜਾਂਦਾ ਹੈ ਅਤੇ ਰਿਪੋਰਟ ਕਾਰਡਾਂ ਵਾਸਤੇ ਉਹਨਾਂ ਦਾ ਮੁਲਾਂਕਣ ਜਿਸ ਦੇ ਅਧਾਰ ਤੇ ਕੀਤਾ ਜਾਂਦਾ ਹੈ।




# ਮੂਲ ਯੋਗਤਾਵਾਂ

ਮੁੱਖ ਯੋਗਤਾਵਾਂ ਸਿੱਖਣ ਦੇ ਸਾਰੇ ਖੇਤਰਾਂ ਵਿੱਚ ਸ਼ਾਮਲ ਹਨ। ਇਹ ਉਹ ਸੰਚਾਰ ਸੰਬੰਧੀ, ਸੋਚਣੀ, ਅਤੇ ਸਮਾਜਕ ਹੁਨਰ ਹੁੰਦੇ ਹਨ ਜਿੰਨ੍ਹਾਂ ਦੀ ਤੁਹਾਡੇ ਬੱਚੇ ਨੂੰ ਹੁਣ ਅਤੇ ਭਵਿੱਖ ਵਿੱਚ ਸਫਲ ਹੋਣ ਵਾਸਤੇ ਲੋੜ ਹੁੰਦੀ ਹੈ।

ਵਿਦਿਆਰਥੀਆਂ ਦਾ ਮੁਲਾਂਕਣ ਅਧਿਆਪਕਾਂ ਦੁਆਰਾ ਮੁੱਖ ਯੋਗਤਾਵਾਂ ਦੇ ਅਧਾਰ 'ਤੇ ਨਹੀਂ ਕੀਤਾ ਜਾਂਦਾ। ਇਸਦੀ ਬਜਾਏ, ਤੁਹਾਡੇ ਬੱਚੇ ਦੇ ਲਿਖਤੀ ਰਿਪੋਰਟ ਕਾਰਡਾਂ ਵਿੱਚ ਉਨ੍ਹਾਂ ਦਾ ਮੁੱਖ ਯੋਗਤਾਵਾਂ ਬਾਰੇ ਉਨ੍ਹਾਂ ਦਾ ਸਵੈ-ਚਿੰਤਨ ਅਤੇ ਸਿੱਖਣ ਸੰਬੰਧੀ ਉਹਨਾਂ ਦੇ ਟੀਚੇ ਹੋਣਗੇ।



# ਇੰਡਿਜਨਸ ਸਿਖਿਆ

ਕਿੰਡਰਗਾਰਟਨ ਤੋਂ ਲੈ ਕੇ ਗਰੇਡ 12 ਤੱਕ, ਤੁਹਾਡੇ ਬੱਚੇ ਕੋਲ ਬੀਸੀ ਵਿੱਚ ਫਸਟ ਨੇਸ਼ਨਜ਼ ਦੇ ਦ੍ਰਿਸ਼ਟੀਕੋਣਾਂ, ਇਤਿਹਾਸ, ਅਤੇ ਸਮਕਾਲੀਨ ਸੰਦਰਭਾਂ ਬਾਰੇ ਸਿੱਖਣ ਦੇ ਮੌਕੇ ਹੋਣਗੇ। ਇਸ ਖੇਤਰ ਵਿੱਚ ਸਿੱਖਣਾ ਚਿਰਸਥਾਈ ਅਤੇ ਅਰਥ-ਭਰਭੂਰ ਰੈਕਨਸੀਲੀਏਸ਼ਨ ਵਿਚ ਸਹਾਈ ਹੋਵੇਗਾ। ਤੁਹਾਡਾ ਬੱਚਾ ਸਾਰੇ ਕੈਨੇਡਾ ਵਿੱਚ ਫਸਟ ਨੇਸ਼ਨਜ਼, ਮੇਟੀ, ਅਤੇ ਇਨਯੂਇਟ ਸੱਭਿਆਚਾਰਾਂ ਬਾਰੇ ਸਮਝ ਵਿਕਸਤ ਕਰੇਗਾ।

**ਸਾਡੇ ਨਾਲ ਸੰਪਰਕ ਕਰੋ:** student.reporting@gov.bc.ca

BRITISH COLUMBIA

# ਮੇਰਾ ਬੱਚਾ ਕਿਵੇਂ ਚੱਲ ਰਿਹਾ ਹੈ, ਉਸ ਬਾਰੇ ਮੈਨੂੰ ਕਿਵੇਂ ਪਤਾ ਲੱਗੇਗਾ?



ਜਿਸ ਤਰੀਕੇ ਨਾਲ ਤੁਹਾਡੇ ਬੱਚੇ ਦੀ ਸਿੱਖਿਆ ਨੂੰ ਤੁਹਾਡੇ ਨਾਲ ਸਾਂਝਾ ਕੀਤਾ ਜਾਂਦਾ ਹੈ, ਉਹ ਬਦਲ ਰਿਹਾ ਹੈ। ਇਹ ਸੰਖੇਪ ਜਾਣਕਾਰੀ ਤੁਹਾਨੂੰ ਦੱਸੇਗੀ ਕਿ ਤੁਹਾਡੇ ਬੱਚੇ ਦੇ ਰਿਪੋਰਟ ਕਾਰਡ, ਅਤੇ ਅਧਿਆਪਕ ਦੀਆਂ ਅੱਪਡੇਟਸ ਵਿਚ ਕੀ ਹੋਵੇਗਾ।

## ਮੇਰੇ ਬੱਚੇ ਦੇ ਅਧਿਆਪਕ ਕੋਲੋਂ ਕਿੰਨ੍ਹੇ ਕੁ ਵਕਫੇ ਬਾਅਦ ਅੱਪਡੇਟ ਮਿਲੇਗੀ?

ਸਕੂਲ ਵਰ੍ਹੇ ਦੌਰਾਨ, ਤੁਹਾਨੂੰ ਆਪਣੇ ਬੱਚੇ ਦੀ ਸਿੱਖਿਆ ਬਾਰੇ 5 ਅੱਪਡੇਟਸ ਮਿਲ ਸਕਦੇ ਹਨ। ਇਸ ਵਿੱਚ ਸਿਖਿਆ ਸੰਬੰਧੀ 3 ਲਿਖਤੀ ਅੱਪਡੇਟ (ਜੋ ਰਿਪੋਰਟ ਕਾਰਡਾਂ ਵਰਗੇ ਦਿਖਾਈ ਦੇ ਸਕਦੇ ਹਨ), ਅਤੇ ਸਿਖਿਆ ਸੰਬੰਧੀ 2 ਗੈਰ-ਰਸਮੀ ਅੱਪਡੇਟ (ਜਿੰਨ੍ਹਾਂ ਵਿੱਚ ਕਿਸੇ ਅਧਿਆਪਕ ਨਾਲ ਕਾਨਫਰੰਸਾਂ, ਅਤੇ ਕਿਸੇ ਅਧਿਆਪਕ ਵੱਲੋਂ ਫ਼ੋਨ ਕਾਲਾਂ ਜਾਂ ਈਮੇਲਾਂ ਸ਼ਾਮਲ ਹੋ ਸਕਦੀਆਂ ਹਨ) ਸ਼ਾਮਲ ਹੋਣਗੇ।

ਸਕੂਲ ਇਸ ਬਾਰੇ ਸਮਾਂ-ਸਾਰਣੀ ਤੈਅ ਕਰਦੇ ਹਨ ਕਿ ਸਿਖਿਆ ਬਾਰੇ ਅੱਪਡੇਟ ਕਦੋਂ ਹੋਣਗੇ। ਪਰ, ਤੁਹਾਡੇ ਬੱਚੇ ਦਾ ਅਧਿਆਪਕ ਕਿਸੇ ਵੀ ਸਮੇਂ ਤੁਹਾਡੇ ਨਾਲ ਸੰਪਰਕ ਕਰ ਸਕਦਾ ਹੈ।

ਜੇ ਤੁਹਾਡੇ ਬੱਚੇ ਦੀ ਇੱਕ ਵਿਅਕਤੀਗਤ ਸਿੱਖਿਆ ਯੋਜਨਾ (IEP) ਹੈ, ਤਾਂ ਤੁਸੀਂ ਸਿਖਿਆ ਬਾਰੇ ਅੱਪਡੇਟਸ ਉਸੇ ਤਰੀਕੇ ਨਾਲ ਪ੍ਰਾਪਤ ਕਰੋਗੇ ਜਿਵੇਂ ਕਿ ਹੋਰ ਸਾਰੇ ਮਾਪੇ ਅਤੇ ਕੇਅਰਗਿਵਰ ਪ੍ਰਾਪਤ ਕਰਦੇ ਹਨ। ਪਰ ਤੁਹਾਡਾ ਬੱਚਾ ਆਪਣੇ ਆਈਈਪੀ (IEP) ਦੇ ਅਧਾਰ ਤੇ ਵਾਧੂ ਅਪਡੇਟਾਂ ਵੀ ਪ੍ਰਾਪਤ ਕਰ ਸਕਦਾ ਹੈ।

## ਮੇਰੇ ਬੱਚੇ ਦਾ ਰਿਪੋਰਟ ਕਾਰਡ ਕਿਸ ਤਰਾਂ ਦਾ ਲੱਗਦਾ ਹੈ?

**ਹਰ ਲਿਖਤੀ ਅਪਡੇਟ ਵਿਚ ਇਹ ਸ਼ਾਮਲ ਹੋਵੇਗਾ:**

- ਇਸ ਬਾਰੇ ਜਾਣਕਾਰੀ ਕਿ ਸਿੱਖਣ ਦੇ ਹਰੇਕ ਖੇਤਰ ਵਿੱਚ ਤੁਹਾਡਾ ਬੱਚਾ ਕਿਵੇਂ ਪ੍ਰਦਰਸ਼ਨ ਕਰ ਰਿਹਾ ਹੈ
- ਤੁਹਾਡੇ ਬੱਚੇ ਦੀਆਂ ਸਮਰਥਾਵਾਂ ਅਤੇ ਉਹਨਾਂ ਖੇਤਰਾਂ ਬਾਰੇ ਜਿੰਨ੍ਹਾਂ ਉਨ੍ਹਾਂ ਨੂੰ ਉਹਨਾਂ ਨੂੰ ਕੰਮ ਕਰਨ ਦੀ ਲੋੜ ਹੈ, ਅਤੇ ਨਾਲ ਹੀ ਨਾਲ ਉਹਨਾਂ ਦੀਆਂ ਕੰਮ ਕਰਨ ਦੀਆਂ ਆਦਤਾਂ ਅਤੇ ਵਿਵਹਾਰ ਬਾਰੇ ਲਿਖਤੀ ਟਿੱਪਣੀਆਂ (ਵਿਆਖਿਆਮਈ ਫੀਡਬੈਕ)
- ਸੰਚਾਰ, ਸੋਚਣੀ, ਅਤੇ ਸਮਾਜਕ ਸਕਿੱਲਾਂ ਬਾਰੇ ਜਾਣਕਾਰੀ, ਜਿਨ੍ਹਾਂ ਦੀ ਤੁਹਾਡੇ ਬੱਚੇ ਨੂੰ ਕਾਮਯਾਬ ਹੋਣ (ਮੂਲ ਯੋਗਤਾਵਾਂ) ਲਈ ਲੋੜ ਹੈ ਅਤੇ ਤੁਹਾਡੇ ਬੱਚੇ ਦੇ ਟੀਚੇ ਤੈਅ ਕਰਨੇ
- ਤੁਹਾਡੇ ਬੱਚੇ ਦੀ ਹਾਜ਼ਰੀ ਬਾਰੇ ਜਾਣਕਾਰੀ

**ਨੋਟ:** ਗਰੇਡ 10-12 ਵਾਸਤੇ, ਸਕੂਲ ਵਰ੍ਹੇ ਦਾ ਆਖਰੀ ਲਿਖਤੀ ਅੱਪਡੇਟ ਤੁਹਾਨੂੰ ਇਹ ਵੀ ਦੱਸਦਾ ਹੈ ਕਿ ਕੀ ਤੁਹਾਡਾ ਬੱਚਾ ਗਰੈਜੂਏਟ ਹੋਣ ਦੇ ਰਸਤੇ 'ਤੇ ਹੈ।

# ਮਾਤਾ-ਪਿਤਾ ਅਤੇ ਕੇਅਰਗਿਵਰਜ਼ ਵਾਸਤੇ ਜਾਣਕਾਰੀ

ਤੁਹਾਡੇ ਬੱਚੇ ਦੇ ਅੰਕ (ਗਰੇਡ K-9 ਵਾਸਤੇ ਪ੍ਰਵੀਨਤਾ ਪੈਮਾਨੇ 'ਤੇ, ਅਤੇ ਗਰੇਡ 10-12 ਵਾਸਤੇ ਲੈਟਰ ਗਰੇਡਾਂ ਜਾਂ ਪ੍ਰਤੀਸ਼ਤਾਂ ਵਿੱਚ) ਉਸ ਸਿੱਖਿਆ 'ਤੇ ਆਧਾਰਿਤ ਹੁੰਦੇ ਹਨ ਜੋ ਉਹਨਾਂ ਨੇ ਹਰੇਕ ਵਿਸ਼ੇ ਵਿੱਚ ਦਿਖਾਈ ਹੈ।

## ਲੈਟਰ ਗਰੇਡ ਅਤੇ ਪ੍ਰਤੀਸ਼ਤਤਾ

**ਜੇ ਤੁਹਾਡਾ ਬੱਚਾ ਗਰੇਡ 10-12 ਵਿੱਚ ਹੈ, ਤਾਂ** ਉਸਨੂੰ ਲੈਟਰ ਗਰੇਡ ਅਤੇ ਪ੍ਰਤੀਸ਼ਤਾਂ ਪ੍ਰਾਪਤ ਹੋਣਗੀਆਂ। ਪੋਸਟ-ਸੈਕੰਡਰੀ ਵੱਲ ਜਾਣ ਲਈ ਇਸ ਵਕਤ ਵਿਦਿਆਰਥੀਆਂ ਨੂੰ ਲੈਟਰ ਗਰੇਡਾਂ ਅਤੇ ਪ੍ਰਤੀਸ਼ਤਾਂ ਦੀ ਲੋੜ ਪੈਂਦੀ ਹੈ।

## ਸੂਬਾਈ ਪ੍ਰਵੀਨਤਾ ਪੈਮਾਨਾ

**ਜੇ ਤੁਹਾਡਾ ਬੱਚਾ ਗਰੇਡ K-9 ਵਿੱਚ ਹੈ, ਤਾਂ** ਉਸਨੂੰ ਲੈਟਰ ਗਰੇਡ ਅਤੇ ਪ੍ਰਤੀਸ਼ਤਾਂ ਪ੍ਰਾਪਤ ਨਹੀਂ ਹੋਣਗੀਆਂ। ਇਸਦੀ ਬਜਾਏ, ਤੁਸੀਂ ਇਸ ਬਾਰੇ ਜਾਣਕਾਰੀ ਦੇਖੋਗੇ ਕਿ ਸੂਬਾਈ ਪ੍ਰਵੀਨਤਾ ਪੈਮਾਨੇ 'ਤੇ ਤੁਹਾਡਾ ਬੱਚਾ ਕਿੱਥੇ ਹੈ। ਇਹ ਪੈਮਾਨਾ ਵਿਦਿਆਰਥੀ ਦੀ ਸਿੱਖਿਆ ਦਾ ਵਰਣਨ ਕਰਨ ਲਈ "ਉਭਰ  ਰਿਹਾ" (Emerging), "ਵਿਕਾਸਸ਼ੀਲ" (Developing), "ਨਿਪੁੰਨ"(Proficient) ਅਤੇ "ਵਿਸਤਾਰ" (Extending) ਸ਼ਬਦਾਂ ਦੀ ਵਰਤੋਂ ਕਰਦਾ ਹੈ। ਪੈਮਾਨਾ ਵਿਦਿਆਰਥੀ ਦੀ ਸਿਖਲਾਈ ਵਾਸਤੇ ਉੱਚੇ ਮਿਆਰਾਂ ਨੂੰ ਬਣਾਈ ਰੱਖਦਾ ਹੈ।

| ਉਭਰ ਰਿਹਾ | ਵਿਕਾਸਸ਼ੀਲ | ਨਿਪੁੰਨ | ਵਿਸਤਾਰ |
|---|---|---|---|
| ਉਭਰ ਰਿਹਾ ਦਾ ਮਤਲਬ ਇਹ ਹੈ ਕਿ ਤੁਹਾਡਾ ਬੱਚਾ ਸਿਖਿਆ ਦੇ ਕਿਸੇ ਖੇਤਰ ਵਿੱਚ ਕਿਸੇ ਚੀਜ਼ ਨੂੰ ਸਮਝਣਾ ਸ਼ੁਰੂ ਕਰ ਰਿਹਾ ਹੈ। ਉਹ ਅਜੇ ਵੀ ਸਿੱਖ ਰਹੇ ਹਨ ਪਰ ਅੱਗੇ ਵਧਣ ਲਈ ਵਧੇਰੇ ਸਹਾਇਤਾ ਦੀ ਲੋੜ ਹੋ ਸਕਦੀ ਹੈ। ਉੱਭਰ ਰਹੇ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡਾ ਬੱਚਾ ਇਸ ਖੇਤਰ ਵਿੱਚ ਅਸਫਲ ਰਿਹਾ ਹੈ। | ਵਿਕਾਸਸ਼ੀਲ ਦਾ ਮਤਲਬ ਇਹ ਹੈ ਕਿ ਤੁਹਾਡਾ ਬੱਚਾ ਸਿੱਖਣ ਦੇ ਖੇਤਰ ਵਿਚਲੀਆਂ ਕੁਝ ਚੀਜ਼ਾਂ ਨੂੰ ਸਮਝਦਾ ਹੈ ਪਰ ਅਜੇ ਉਸ ਨੂੰ ਹੋਰ ਕੰਮ ਕਰਨ ਦੀ ਲੋੜ ਹੈ। ਉੱਭਰ ਰਹੇ ਵਾਂਗ ਹੀ, ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਡਾ ਬੱਚਾ ਇਸ ਖੇਤਰ ਵਿੱਚ ਅਸਫਲ ਰਿਹਾ ਹੈ। | ਨਿਪੁੰਨ ਹੋਣਾ ਤੁਹਾਡੇ ਬੱਚੇ ਵਾਸਤੇ ਟੀਚਾ ਹੁੰਦਾ ਹੈ। ਸਾਰੇ ਵਿਦਿਆਰਥੀਆਂ ਦਾ ਵੀ ਇਹੀ ਟੀਚਾ ਹੈ। ਜਦ ਤੁਹਾਡਾ ਬੱਚਾ ਨਿਪੁੰਨ ਹੁੰਦਾ ਹੈ, ਤਾਂ ਇਸਦਾ ਮਤਲਬ ਇਹ ਹੈ ਕਿ ਉਹ ਲੋੜੀਂਦੀ ਸਿੱਖਿਆ ਨੂੰ ਪੂਰੀ ਤਰ੍ਹਾਂ ਸਮਝਦਾ ਹੈ। ਪਰ ਇਸ ਦਾ ਇਹ ਮਤਲਬ ਨਹੀਂ ਕਿ ਉਨ੍ਹਾਂ ਦੀ ਸਿਖਿਆ ਰੁਕ ਗਈ ਹੈ। | ਵਿਸਤਾਰ (Extending) ਉਦੋਂ ਹੁੰਦਾ ਹੈ ਜਦੋਂ ਵਿਦਿਆਰਥੀ ਡੂੰਘੀ ਸਮਝ ਦਿਖਾਉਂਦੇ ਹਨ। ਇਹ ਓਦੋਂ ਹੁੰਦਾ ਹੈ ਜਦੋਂ ਤੁਹਾਡਾ ਬੱਚਾ ਆਪਣੀ ਸਿੱਖਿਆ ਨੂੰ ਨਵੇਂ ਅਤੇ ਵਿਭਿੰਨ ਤਰੀਕਿਆਂ ਨਾਲ ਲਾਗੂ ਕਰਨ ਦੇ ਯੋਗ ਹੁੰਦਾ ਹੈ। ਸਿਖਿਆ ਦੇ ਹਰ ਖੇਤਰ ਵਿੱਚ ਸਾਰੇ ਵਿਦਿਆਰਥੀਆਂ ਵਾਸਤੇ ਵਿਸਤਾਰ ਕਰਨਾ ਕੋਈ ਟੀਚਾ ਨਹੀਂ ਹੈ। |

## ਵਿਆਖਿਆਤਮਕ ਫੀਡਬੈਕ

ਤੁਹਾਨੂੰ ਲਿਖਤੀ ਟਿੱਪਣੀਆਂ ਪ੍ਰਾਪਤ ਹੋਣਗੀਆਂ ਜੋ ਸਪੱਸ਼ਟ ਰੂਪ ਵਿੱਚ ਇਹ ਵਰਣਨ ਕਰਦੀਆਂ ਹਨ ਕਿ ਤੁਹਾਡਾ ਬੱਚਾ ਆਪਣੀ ਸਿੱਖਿਆ ਵਿੱਚ ਕਿੱਥੇ ਹੈ ਅਤੇ ਕਿਨ੍ਹਾਂ ਖੇਤਰਾਂ ਵਿਚ ਹੋਰ ਕੰਮ ਕਰਨ ਦੀ ਲੋੜ ਹੈ। ਇਹ ਟਿਪਣੀਆਂ ਸੰਖੇਪ ਅਤੇ ਸਮਝਣ ਵਾਸਤੇ ਅਸਾਨ ਹੋਣਗੀਆਂ।

## ਕੰਮ ਸੰਬੰਧੀ ਆਦਤਾਂ ਅਤੇ ਵਰਤਾਓ

ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਗਰੇਡਿੰਗ ਅਤੇ ਰਿਪੋਰਟਿੰਗ ਅਨੁਸ਼ਾਸਨੀ ਔਜ਼ਾਰ ਨਹੀਂ ਹਨ। ਤੁਹਾਡੇ ਬੱਚੇ ਦੀਆਂ ਕੰਮ ਕਰਨ ਦੀਆਂ ਆਦਤਾਂ ਅਤੇ ਵਿਵਹਾਰ ਬਾਰੇ ਜਾਣਕਾਰੀ ਤੁਹਾਡੇ ਬੱਚੇ ਦੇ ਰਿਪੋਰਟ ਕਾਰਡ 'ਤੇ ਲਿਖਤੀ ਟਿੱਪਣੀਆਂ ਵਿੱਚ ਹੋਵੇਗੀ। ਇਸਤੋਂ ਪਹਿਲਾਂ ਕਿ ਤੁਸੀਂ ਕੋਈ ਲਿਖਤੀ ਰਿਪੋਰਟ ਪ੍ਰਾਪਤ ਕਰੋ, ਅਧਿਆਪਕ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਕਿਸੇ ਵੀ ਤਰਾਂ ਦੇ ਚਿੰਤਾਵਾਂ ਬਾਰੇ ਦੱਸਣਗੇ।

## ਮੇਰੇ ਬੱਚੇ ਵਾਸਤੇ ਮੂਲ ਯੋਗਤਾਵਾਂ ਅਤੇ ਟੀਚਾ ਤੈਅ ਕਰਨ ਬਾਰੇ ਮੈਨੂੰ ਕਿਹੜੀ ਜਾਣਕਾਰੀ ਪ੍ਰਾਪਤ ਹੋਵੇਗੀ?

ਤੁਹਾਡੇ ਬੱਚੇ ਦੇ ਲਿਖਤੀ ਰਿਪੋਰਟ ਕਾਰਡਾਂ ਵਿੱਚ ਮੁੱਖ ਯੋਗਤਾਵਾਂ ਬਾਰੇ ਉਨ੍ਹਾਂ ਦਾ ਸਵੈ-ਚਿੰਤਨ ਅਤੇ ਸਿੱਖਣ ਸੰਬੰਧੀ ਉਹਨਾਂ ਦੇ ਟੀਚੇ ਹੋਣਗੇ।

ਸਵੈ-ਚਿੰਤਨ ਉਸ ਸਮੇਂ ਹੁੰਦਾ ਹੈ ਜਦ ਤੁਹਾਡਾ ਬੱਚਾ ਉਹਨਾਂ ਵੱਲੋਂ ਵਿਕਸਤ ਕੀਤੀਆਂ ਮੁਹਾਰਤਾਂ ਬਾਰੇ ਗਹਿਰਾਈ ਨਾਲ ਸੋਚਦਾ ਹੈ ਅਤੇ ਇਹ ਵੀ ਕਿ ਉਹ ਇਹਨਾਂ ਹੁਨਰਾਂ ਨੂੰ ਵਧਾਉਣਾ ਕਿਵੇਂ ਜਾਰੀ ਰੱਖ ਸਕਦੇ ਹਨ।

ਤੁਹਾਡਾ ਬੱਚਾ ਆਪਣੇ ਸੰਚਾਰ, ਸੋਚਣ, ਅਤੇ ਸਮਾਜਕ ਹੁਨਰਾਂ (ਮੂਲ ਯੋਗਤਾਵਾਂ) 'ਤੇ ਝਾਤ ਪਾਵੇਗਾ। ਜਦੋਂ ਤੁਹਾਡਾ ਬੱਚਾ ਯੋਗਤਾਵਾਂ 'ਤੇ ਝਾਤ ਪਾਉਂਦਾ ਹੈ, ਤਾਂ ਉਹ ਆਪਣੀ ਸਿੱਖਿਆ ਵਿੱਚ ਸਰਗਰਮੀ ਨਾਲ ਰੁੱਝ ਜਾਂਦਾ ਹੈ।

ਤੁਹਾਡਾ ਬੱਚਾ ਟੀਚੇ ਵੀ ਤੈਅ ਕਰੇਗਾ। ਜਦ ਉਹ ਟੀਚੇ ਤੈਅ ਕਰਦਾ ਹੈ ਅਤੇ ਉਹਨਾਂ ਪ੍ਰਤੀ ਕਾਰਜ ਕਰਦਾ ਹੈ, ਤਾਂ ਤੁਹਾਡਾ ਬੱਚਾ ਆਪਣੇ ਭਵਿੱਖ ਨੂੰ ਨਵੀਂ ਨੁਹਾਰ ਦੇਣਾ ਸ਼ੁਰੂ ਕਰ ਦੇਵੇਗਾ। ਜਦੋਂ ਉਨ੍ਹਾਂ ਨੂੰ ਕਿਸੇ ਸਮੱਸਿਆ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਤਾਂ ਉਹ ਇਹ ਸਿੱਖਣਗੇ ਕਿ ਫਸਣ ਦੀ ਬਜਾਇ ਰਚਨਾਤਮਕ ਸਮਾਧਾਨ ਕਿਵੇਂ ਲੱਭਣੇ ਹਨ।

## ਹਾਜ਼ਰੀ

ਤੁਹਾਡੇ ਬੱਚੇ ਦੀਆਂ ਲਿਖਤੀ ਰਿਪੋਰਟਾਂ ਵਿੱਚ ਹਾਜ਼ਰੀ ਦਾ ਰਿਕਾਰਡ ਸ਼ਾਮਲ ਹੋਵੇਗਾ। ਹਾਜ਼ਰੀ ਤੁਹਾਡੇ ਬੱਚੇ ਦੇ ਨਿਸ਼ਾਨਾਂ ਨੂੰ ਪ੍ਰਭਾਵਿਤ ਨਹੀਂ ਕਰਦੀ, ਪਰ ਇਹ ਉਹਨਾਂ ਦੀ ਸਿੱਖਿਆ ਨੂੰ ਜ਼ਰੂਰ ਪ੍ਰਭਾਵਿਤ ਕਰਦੀ ਹੈ। ਅਧਿਆਪਕਾਂ ਨੂੰ ਤੁਹਾਡੇ ਬੱਚੇ ਦੀ ਹਾਜ਼ਰੀ ਦੇ ਸਬੰਧ ਵਿੱਚ ਕਿਸੇ ਵੀ ਸ਼ੰਕਿਆਂ ਬਾਰੇ ਤੁਹਾਨੂੰ ਦੱਸਣਾ ਚਾਹੀਦਾ ਹੈ।

## ਮੇਰਾ ਬੱਚਾ ਗਰੈਜੂਏਟ ਕਰਨ ਵੱਲ ਸਹੀ ਰਸਤੇ ਤੇ ਹੈ, ਉਸ ਬਾਰੇ ਮੈਨੂੰ ਕਿਵੇਂ ਪਤਾ ਲੱਗੇਗਾ?

**ਜੇ ਤੁਹਾਡਾ ਬੱਚਾ ਗਰੇਡ 10-12 ਵਿੱਚ ਹੈ,** ਤਾਂ ਉਹ ਸਕੂਲ ਵਰ੍ਹੇ ਦੀ ਆਪਣੀ ਆਖਰੀ ਲਿਖਤੀ ਰਿਪੋਰਟ ਵਿੱਚ ਗਰੈਜੂਏਸ਼ਨ ਅਵਸਥਾ ਬਾਰੇ ਅੱਪਡੇਟ ਪ੍ਰਾਪਤ ਕਰੇਗਾ। ਇਹ ਇਸ ਗੱਲ ਨੂੰ ਯਕੀਨੀ ਬਣਾਵੇਗਾ ਕਿ ਤੁਹਾਡੇ ਬੱਚੇ ਕੋਲ ਅਤੇ ਤੁਹਾਡੇ ਕੋਲ ਉਹ ਜਾਣਕਾਰੀ ਹੈ ਜਿਸਦੀ ਤੁਹਾਨੂੰ ਗਰੈਜੂਏਸ਼ਨ ਵਾਸਤੇ ਯੋਜਨਾ ਬਣਾਉਣ ਲਈ ਲੋੜ ਹੈ ਅਤੇ ਕਿਸੇ ਵੀ ਸ਼ੰਕਿਆਂ ਨੂੰ ਸ਼ੁਰੂ ਵਿੱਚ ਹੀ ਹੱਲ ਕਰਦੀ ਹੈ।

# ਮਾਤਾ-ਪਿਤਾ ਅਤੇ ਕੇਅਰਗਿਵਰਜ਼ ਵਾਸਤੇ ਜਾਣਕਾਰੀ

## ਜੇ ਮੇਰਾ ਬੱਚਾ ਅਪੰਗ ਜਾਂ ਵਿਲੱਖਣ ਯੋਗਤਾ ਵਾਲਾ ਹੋਵੇ?

ਹਰ ਵਿਦਿਆਰਥੀ ਵਿਲੱਖਣ ਹੁੰਦਾ ਹੈ ਅਤੇ ਆਪਣੇ ਖੁਦ ਦੇ ਤਰੀਕੇ ਨਾਲ ਸਿੱਖਦਾ ਹੈ, ਇਸੇ ਕਰਕੇ ਅਧਿਆਪਕ ਇਹ ਯਕੀਨੀ ਬਣਾਉਣ ਲਈ ਸਖਤ ਮਿਹਨਤ ਕਰਦੇ ਹਨ ਕਿ ਹਰੇਕ ਵਿਦਿਆਰਥੀ ਸਕੂਲ ਜੀਵਨ ਦੇ ਸਾਰੇ ਪੱਖਾਂ ਵਿੱਚ ਭਾਗ ਲੈ ਸਕੇ ਅਤੇ ਯੋਗਦਾਨ ਪਾ ਸਕੇ। ਵੰਨ-ਸੁਵੰਨੇ ਅਤੇ ਸੰਮਲਿਤ ਕਲਾਸਰੂਮ ਇਹ ਯਕੀਨੀ ਬਣਾਉਂਦੇ ਹਨ ਕਿ ਹਰੇਕ ਬੱਚੇ ਦਾ ਉਸਦੀ ਸਿਖਿਆ ਵਿੱਚ ਸਵਾਗਤ ਕੀਤਾ ਜਾਂਦਾ ਹੈ ਅਤੇ ਸਹਾਇਤਾ ਕੀਤੀ ਜਾਂਦੀ ਹੈ, ਚਾਹੇ ਉਸ ਦੀਆਂ ਯੋਗਤਾਵਾਂ ਜੋ ਵੀ ਹੋਣ। ਕਲਾਸਰੂਮਾਂ ਨੂੰ ਵਿਦਿਆਰਥੀਆਂ ਵਾਸਤੇ ਇਸ ਤਰਾਂ ਬਣਾਇਆ ਜਾਂਦਾ ਹੈ ਕਿ ਉਨ੍ਹਾਂ ਵਾਸਤੇ ਪਹੁੰਚਯੋਗ ਹੋਣ ਤਾਂ ਜੋ ਤੁਹਾਡਾ ਬੱਚਾ ਵਿਕਾਸ ਕਰ ਸਕੇ, ਸਿੱਖ ਸਕੇ ਅਤੇ ਸਫਲ ਹੋ ਸਕੇ।

ਤੁਹਾਡੇ ਬੱਚੇ ਦੀਆਂ ਸਿੱਖਣ ਸਬੰਧੀ ਵਿਸ਼ੇਸ਼ ਲੋੜਾਂ ਹਨ ਅਤੇ ਉਸ ਨੂੰ ਵਧੀਕ ਸਹਾਇਤਾ ਦੀ ਲੋੜ ਹੈ, ਤਾਂ ਉਸ ਨੂੰ ਆਪਣੇ-ਆਪ ਹੀ ਉਨ੍ਹਾਂ ਦੇ ਰਿਪੋਰਟ ਕਾਰਡ 'ਤੇ ਉਭਰ ਰਿਹਾ, ਵਿਕਾਸਸ਼ੀਲ, ਜਾਂ ਛੋਟਾ ਲੈਟਰ ਗਰੇਡ ਨਹੀਂ ਦਿੱਤਾ ਜਾਵੇਗਾ। ਉਹਨਾਂ ਦੇ ਰਿਪੋਰਟ ਕਾਰਡ ਵਿੱਚ ਉਹਨਾਂ ਵੱਲੋਂ ਪ੍ਰਦਰਸ਼ਿਤ ਕੀਤੀ ਸਿੱਖਿਆ ਦੇ ਆਧਾਰ 'ਤੇ ਇੱਕ ਮਾਰਕ ਦਿੱਤਾ ਜਾਵੇਗਾ ਅਤੇ ਇਸ ਬਾਰੇ ਟਿੱਪਣੀਆਂ ਲਿਖੀਆਂ ਜਾਣਗੀਆਂ ਕਿ ਉਹ ਆਪਣੀ ਸਿੱਖਿਆ ਵਿੱਚ ਅੱਗੇ ਕਿੱਥੇ ਜਾ ਸਕਦੇ ਹਨ। ਚਾਹੇ ਤੁਹਾਡਾ ਬੱਚਾ ਕੋਈ ਇੰਗਲਿਸ਼ ਲੈਂਗੂਏਜ ਲਰਨਰ ਹੈ, ਕਿਸੇ ਫਰੈਂਕੋਫੋਨ ਪ੍ਰੋਗਰਾਮ ਵਿੱਚ ਫਰੈਂਚ ਭਾਸ਼ਾ ਸਿੱਖਣ ਵਾਲਾ ਹੈ, ਜਾਂ ਉਸਨੂੰ ਕੋਈ ਅਪੰਗਤਾ ਜਾਂ ਵਿਲੱਖਣ ਯੋਗਤਾ ਹੈ, ਰਸਤੇ ਦੇ ਹਰ ਪੜਾਅ 'ਤੇ ਉਸ ਦੀ ਸਹਾਇਤਾ ਕੀਤੀ ਜਾਵੇਗੀ। ਰਿਪੋਰਟ ਕਾਰਡ ਦੇ ਸਮੇਂ 'ਤੇ, ਤੁਹਾਡੇ ਬੱਚੇ ਨੂੰ ਉਸਦਾ ਰਿਪੋਰਟ ਕਾਰਡ ਉਸੇ ਸਮੇਂ ਪ੍ਰਾਪਤ ਹੋਵੇਗਾ ਜਦੋਂ ਉਸਦੇ ਨਾਲ ਦੇ ਸਾਥੀਆਂ ਨੂੰ ਪ੍ਰਾਪਤ ਹੁੰਦਾ ਹੈ।



## ਜੇ ਮੇਰਾ ਬੱਚਿਆ ਇੰਗਲਿਸ਼ ਲੈਂਗੂਏਜ ਲਰਨਰ ਹੈ?

ਜੇ ਤੁਹਾਡੇ ਬੱਚੇ ਦੀਆਂ ਇੰਗਲਿਸ਼ ਭਾਸ਼ਾਈ ਸਕਿੱਲਜ਼ ਉਸ ਲਈ ਇਹ ਮੁਸ਼ਕਲ ਬਣਾ ਦਿੰਦੀਆਂ ਹਨ ਕਿ ਉਹ ਆਪਣੀ ਪੜ੍ਹਾਈ ਪੂਰੀ ਤਰਾਂ ਦਰਸਾਅ ਨਹੀਂ ਸਕਦਾ ਤਾਂ ਹੋ ਸਕਦਾ ਹੈ ਕਿ ਉਸ ਨੂੰ ਮਾਰਕ ਨਾ ਦਿੱਤੇ ਜਾਣ। ਇਸ ਦੀ ਬਜਾਏ, ਰਿਪੋਰਟ ਕਾਰਡ ਵਿਚ ਵਿਆਖਿਆਤਮ ਟਿੱਪਣੀਆਂ ਹੋਣਗੀਆਂ, ਜਿਹੜੀਆਂ ਦੱਸਣਗੀਆਂ ਕਿ ਤੁਹਾਡਾ ਬੱਚਾ ਕੀ ਕਰ ਸਕਦਾ ਹੈ ਅਤੇ ਜਿੰਨੀ ਦੇਰ ਉਸ ਦੀਆਂ ਇੰਗਲਿਸ਼ ਭਾਸ਼ਾਈ ਸਕਿਲੱਜ਼ ਸੁਧਰ ਰਹੀਆਂ ਹਨ, ਓਨੀ ਦੇਰ ਉਹ ਕੀ ਕਰ ਸਕਦਾ ਹੈ।

ਤੁਹਾਡੇ ਬੱਚੇ ਨੂੰ ਜਦੋਂ ਇਕ ਵਾਰ ਇੰਗਲਿਸ਼ ਆ ਗਈ, ਜਿਸ ਨਾਲ ਉਹ ਆਪਣੀ ਸਿਖਿਆ ਦਰਸਾ ਸਕੇ, ਤਾਂ ਉਸ ਨੂੰ ਪ੍ਰਬੀਨਤਾ ਸਕੇਲ ਸੂਚਕ ਜਾਂ ਉਸਦੇ ਰਿਪੋਰਟ ਕਾਰਡ ਤੇ ਲੈਟਰ ਗਰੇਡ ਜਾਂ ਪ੍ਰਤੀਸ਼ਤਤਾ ਦਿੱਤੀ ਜਾਵੇਗੀ।



## ਕੀ ਮੇਰਾ ਬੱਚਾ ਆਪਣੀ ਸਿੱਖਿਆ ਵਿੱਚ ਸਹਾਇਤਾ ਕਰਨ ਲਈ ਔਜ਼ਾਰਾਂ ਅਤੇ ਰਣਨੀਤੀਆਂ ਦੀ ਵਰਤੋਂ ਕਰ ਸਕਦਾ ਹੈ?

ਸਾਰੇ ਵਿਦਿਆਰਥੀ ਆਪਣੀ ਸਿਖਿਆ ਵਿਚ ਸਹਾਇਤਾ ਲਈ ਔਜ਼ਾਰ ਅਤੇ ਰਣਨੀਤੀਆਂ ਵਰਤਦੇ ਹਨ, ਨਾ ਕਿ ਸਿਰਫ਼ ਵਿਅਕਤੀਗਤ ਸਿਖਿਆ ਪਲੈਨ (IEP) ਜਾਂ ਐਨੂਅਲ ਐਜੂਕੇਸ਼ਨ ਪਲੈਨ (AIP) ਵਾਲੇ। ਜੇ ਤੁਹਾਡਾ ਬੱਚਾ ਕਿਸੇ ਵਿਸ਼ੇਸ਼ ਔਜ਼ਾਰ ਜਾਂ ਰਣਨੀਤੀ ਦੀ ਵਰਤੋਂ ਕਰਦਾ ਹੈ, ਜਿਵੇਂ ਕਿ ਟੈਸਟ ਦੇਣ ਦੀ ਬਜਾਏ ਸਪੀਚ-ਟੂ-ਟੈਕਸਟ ਜਾਂ ਜ਼ੁਬਾਨੀ ਪੇਸ਼ਕਾਰੀ ਕਰਨਾ ਤਾਂ ਉਹਨਾਂ ਦੇ ਨੰਬਰਾਂ 'ਤੇ ਨਕਾਰਾਤਮਕ ਅਸਰ ਨਹੀਂ ਪਵੇਗਾ।

ਤੁਹਾਡੇ ਬੱਚੇ ਨੂੰ ਜੋ ਸਹਾਇਤਾ ਮਿਲੇਗੀ, ਉਹ ਉਸ ਦੀਆਂ ਲੋੜਾਂ ਤੇ ਨਿਰਭਰ ਕਰੇਗੀ ਅਤੇ ਹੋ ਸਕਦਾ ਹੈ ਕਿ ਰਿਪੋਰਟ ਕਾਰਡ ਤੇ ਨਾ ਦਰਜ ਕੀਤੀ ਜਾਵੇ। ਇਸ ਦੀ ਬਜਾਏ ਇਹ ਸੂਚਨਾ ਤੁਹਾਨੂੰ ਉਨ੍ਹਾਂ ਦੇ IEP, AIP, ਅਤੇ/ਜਾਂ ਹੋਰ ਸਕੂਲ ਦੁਆਰਾ ਬਣਾਏ ਦਸਤਾਵੇਜ਼ ਤੋ ਮਿਲ ਸਕਦੀ ਹੈ।



## ਜੇ ਮੇਰੇ ਬੱਚੇ ਦਾ ਮੁਲਾਂਕਣ ਕੇਵਲ ਉਸਦੇ IEP ਟੀਚਿਆਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ?

ਆਮ ਕਰਕੇ, ਵਿਦਿਆਰਥੀਆਂ ਦਾ ਮੁਲਾਂਕਣ ਪਾਠਕ੍ਰਮ ਦੇ ਸਿਖਿਆ ਮਿਆਰਾਂ ਦੇ ਅਧਾਰ ਤੇ ਕੀਤਾ ਜਾਂਦਾ ਹੈ। IEP ਵਾਲੇ ਜ਼ਿਆਦਾਤਰ ਵਿਦਿਆਰਥੀਆਂ ਦਾ ਮੁਲਾਂਕਣ ਸਿਖਿਆ ਦੇ ਮਿਆਰਾਂ ਦੇ ਅਧਾਰ ਤੇ ਕੀਤਾ ਜਾਂਦਾ ਹੈ। ਬਹੁਤ ਥੋੜ੍ਹੇ ਵਿਦਿਆਰਥੀ ਅਜਿਹੇ ਹੋਣਗੇ ਜਿਨ੍ਹਾਂ ਦਾ ਮੁਲਾਂਕਣ ਸਿਖਿਆ ਮਿਆਰਾਂ ਦੀ ਥਾਂ ਤੇ IEP ਵਿਚ ਦਰਸਾਏ ਟੀਚਿਆਂ ਦੇ ਅਧਾਰ ਤੇ ਕੀਤਾ ਜਾਵੇਗਾ। ਇਨ੍ਹਾਂ ਮਿਸਾਲਾਂ ਵਿੱਚ,ਕੁੱਝ ਅਜਿਹੇ ਵਿਸ਼ੇ ਹੋਣਗੇ, ਜਿਵੇਂ ਆਰਟ ਜਾਂ ਜਿਮ ਕਲਾਸ, ਜਿੱਥੇ ਤੁਹਾਡੇ ਬੱਚੇ ਦਾ ਅਜੇ ਵੀ ਪਾਠਕ੍ਰਮ ਦੇ ਸਿਖਿਆ ਮਿਆਰਾਂ ਦੇ ਅਧਾਰ ਤੇ ਮੁਲਾਂਕਣ ਕੀਤਾ ਜਾਵੇਗਾ।

ਤੁਹਾਨੂੰ ਇਹ ਗੱਲ ਵੀ ਪਤਾ ਹੋਣੀ ਚਾਹੀਦੀ ਹੈ ਕਿ ਜਦੋਂ ਤੁਹਾਡੇ ਬੱਚੇ ਦਾ ਉਸ ਦੇ IEP ਟੀਚਿਆਂ ਦੇ ਅਧਾਰ ਤੇ ਮੁਲਾਂਕਣ ਹੋਵਗਾ ਤਾਂ ਹੋ ਸਕਦਾ ਹੈ ਕਿ ਨੰਬਰ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਉਸਦੇ ਰਿਪੋਰਟ ਕਾਰਡ ਵਿਚ ਫਿਰ ਵੀ ਅਜਿਹੀ ਵਿਆਖਿਆਤਮਕ ਫੀਡਬੈਕ ਹੋਵੇਗੀ ਜਿਸ ਵਿਚ ਦੱਸਿਆ ਹੋਵੇਗਾ ਕਿ ਤੁਹਾਡਾ ਬੱਚਾ ਕੀ ਕਰ ਸਕਦਾ ਹੈ ਅਤੇ ਜਿਨ੍ਹਾਂ ਖੇਤਰਾਂ ਵਿਚ ਉਸ ਨੂੰ ਅਜੇ ਉਸ ਨੂੰ ਹੋਰ ਕੰਮ ਕਰਨ ਦੀ ਜ਼ਰੂਰਤ ਹੈ।

# ਮੇਰੇ ਬੱਚੇ ਨੂੰ ਲੈਟਰ ਗਰੇਡ ਕਿਉਂ ਹੀਂ ਮਿਲ ਰਹੇ?




## ਸੂਬਾਈ ਪ੍ਰਵੀਨਤਾ ਪੈਮਾਨੇ ਤੇ ਕਿਉਂ ਜਾਈਏ?

ਜਦੋਂ ਤੁਸੀਂ ਸਕੂਲ ਵਿੱਚ ਸੀ ਅਤੇ ਅਧਿਆਪਕ ਨੇ ਕੋਈ ਟੈਸਟ ਜਾਂ ਅਸਾਈਨਮੈਂਟ ਵਾਪਿਸ ਦਿੱਤੀ, ਤਾਂ ਸੰਭਾਵਨਾ ਇਹ ਹੁੰਦੀ ਹੈ ਕਿ ਕਲਾਸ ਵਿੱਚ ਹਰ ਕੋਈ ਆਪਣੇ ਅੰਕਾਂ ਦੀ ਤੁਲਨਾ ਕਰਨ ਲਈ ਕਾਹਲਾ ਹੋਵੇ। ਵਿਦਿਆਰਥੀ ਜੋ ਸਿੱਖ ਰਹੇ ਸਨ, ਅੰਕਾਂ ਨੇ ਉਸ 'ਤੇ ਧਿਆਨ ਕੇਂਦਰਤ ਕਰਨ ਦੀ ਬਜਾਏ ਤੁਲਨਾ ਨੂੰ ਉਤਸ਼ਾਹਤ ਕੀਤਾ।


ਜੇ ਤੁਹਾਡਾ ਬੱਚਾ ਗਰੇਡ K-9 ਵਿੱਚ ਹੈ, ਤਾਂ ਉਸਨੂੰ ਰਿਪੋਰਟ ਕਾਰਡ ਤੇ ਲੈਟਰ ਗਰੇਡ ਨਹੀਂ ਮਿਲਣਗੇ। ਇਸਦੀ ਬਜਾਏ, ਤੁਸੀਂ ਇਸ ਬਾਰੇ ਜਾਣਕਾਰੀ ਦੇਖੋਗੇ ਕਿ ਸੂਬਾਈ ਪ੍ਰਵੀਨਤਾ ਪੈਮਾਨੇ 'ਤੇ ਤੁਹਾਡਾ ਬੱਚਾ ਕਿੱਥੇ ਹੈ। ਪ੍ਰਵੀਨਤਾ ਪੈਮਾਨਾ ਦੂਜਿਆਂ ਨਾਲ ਤੁਲਨਾ ਕਰਨ ਦੀ ਬਜਾਏ ਸਿੱਖਣ ਨੂੰ ਫੋਕਸ ਬਣਾਉਂਦਾ ਹੈ।

ਪ੍ਰਵੀਨਤਾ ਦਾ ਪੈਮਾਨਾ ਤੁਹਾਨੂੰ ਇਹ ਦੱਸਦਾ ਹੈ ਕਿ ਤੁਹਾਡਾ ਬੱਚਾ ਆਪਣੀ ਸਿੱਖਿਆ ਵਿੱਚ ਕਿੱਥੇ ਹੈ, ਅਤੇ ਉਹਨਾਂ ਨੂੰ ਕਿਸ ਚੀਜ਼ 'ਤੇ ਕੰਮ ਕਰਨ ਦੀ ਲੋੜ ਹੈ। ਪ੍ਰਵੀਨਤਾ ਪੈਮਾਨੇ ਦੁਆਰਾ ਪ੍ਰਦਾਨ ਕੀਤੀ ਜਾਣਕਾਰੀ ਦੇ ਨਾਲ-ਨਾਲ, ਤੁਸੀਂ ਆਪਣੇ ਬੱਚੇ ਦੇ ਅਧਿਆਪਕ ਕੋਲੋਂ ਲਿਖਤੀ ਟਿੱਪਣੀਆਂ ਪ੍ਰਾਪਤ ਕਰੋਗੇ ਤਾਂ ਜੋ ਤੁਹਾਨੂੰ ਇਸ ਬਾਰੇ ਹੋਰ ਵੀ ਵਧੇਰੇ ਜਾਣਕਾਰੀ ਦਿੱਤੀ ਜਾ ਸਕੇ ਕਿ ਤੁਹਾਡਾ ਬੱਚਾ ਹੋਰ ਕਿਸ ਚੀਜ਼ 'ਤੇ ਕੰਮ ਕਰ ਸਕਦਾ ਹੈ।

ਜੇ ਤੁਹਾਡਾ ਬੱਚਾ ਗਰੇਡ 10-12 ਵਿੱਚ ਹੈ, ਤਾਂ ਤੁਸੀਂ ਲੈਟਰ ਗਰੇਡ ਅਤੇ ਪ੍ਰਤੀਸ਼ਤਾਂ ਦੇਖਦੇ ਰਹੋਗੇ। ਤੁਸੀਂ ਲਿਖਤੀ ਟਿੱਪਣੀਆਂ ਵੀ ਦੇਖੋਗੇ ਕਿਉਂਕਿ ਵਰਣਨਾਤਮਕ ਪ੍ਰਤੀਕਰਮ ਹੁਣ ਗਰੇਡ K-12 ਵਿਚਲੇ ਸਾਰੇ ਰਿਪੋਰਟ ਕਾਰਡਾਂ ਵਿੱਚ ਹੋਵੇਗਾ।

## ਗਰੇਡ ਕੇ-9 ਪ੍ਰਵੀਨਤਾ ਸਕੇਲ:

- ਉੱਚੇ ਮਿਆਰ ਕਾਇਮ ਰੱਖੋ
- ਸਿਖਣ ਨੂੰ ਧਿਆਨ ਦੇ ਕੇਂਦਰ ਬਣਾਓ
- ਤੁਹਾਨੂੰ ਦੱਸਦਾ ਹੈ ਕਿ ਤੁਹਾਡਾ ਬੱਚਾ ਕਿੱਥੇ ਹੈ
- ਤੁਹਾਨੂੰ ਦੱਸਦਾ ਹੈ ਕਿ ਤੁਹਾਡੇ ਬੱਚੇ ਨੂੰ ਕਿਸ ਖੇਤਰ ਵਿਚ ਹੋਰ ਕੰਮ ਕਰਨ ਦੀ ਜ਼ਰੂਰਤ ਹੈ
- ਜਦੋਂ ਅਸਾਇਨਮੈਂਟਾਂ ਵਾਪਿਸ ਵੀ ਕਰ ਦਿੱਤੀਆਂ ਜਾਂਦੀਆ ਹਨ ਅਤੇ ਰਿਪੋਰਟ ਕਾਰਡ ਮਿਲ ਚੁੱਕੇ ਹੁੰਦੇ ਹਨ, ਉਸ ਤੋਂ ਬਾਦ ਵੀ ਵਿਦਿਆਰਥੀਆਂ ਨੂੰ ਸਿਖਿਆ ਜਾਰੀ ਰੱਖਣ ਵਿਚ ਮਦਦ ਕਰਦਾ ਹੈ
- ਸਾਰੇ ਸਿਖਿਆਰਥੀਆਂ ਲਈ ਥਾਂ ਹੈ



**ਮਾਤਾ-ਪਿਤਾ ਅਤੇ ਕੇਅਰਗਿਵਰਜ਼ ਵਾਸਤੇ ਜਾਣਕਾਰੀ**

# ਸੂਬਾਈ ਪ੍ਰਵੀਨਤਾ ਸਕੇਲ

| ਉਭਰ ਰਿਹਾ | ਵਿਕਾਸਸ਼ੀਲ | ਨਿਪੁੰਨ | ਵਿਸਤਾਰ |
|---|---|---|---|

## ਮੇਰੇ ਬੱਚੇ ਦੀ ਸਿਖਿਆ ਬਾਰੇ ਸਕੇਲ ਮੈਨੂੰ ਕੀ ਦੱਸ ਰਿਹਾ ਹੈ?

ਵਿਦਿਆਰਥੀ ਵਿਭਿੰਨ ਚੀਜ਼ਾਂ ਸਿੱਖਕੇ ਸਕੂਲ ਆਉਂਦੇ ਹਨ। ਅਤੇ ਜਿਹੜੀਆਂ ਚੀਜ਼ਾਂ ਉਹ ਜਾਣਦੇ ਹਨ ਉਹ ਤੈਅ ਕਰਦੀਆਂ ਹਨ ਕਿ ਉਹ ਅੱਗੇ ਕੀ ਸਿੱਖਦੇ ਹਨ।

ਤੁਹਾਡਾ ਬੱਚਾ ਸੰਭਾਵਤ ਤੌਰ 'ਤੇ ਸਕੂਲ ਵਰ੍ਹੇ ਵਿੱਚ ਅਤੇ ਸਿੱਖਣ ਦੇ ਵੱਖ-ਵੱਖ ਖੇਤਰਾਂ ਵਿੱਚ ਵੱਖ-ਵੱਖ ਸਮਿਆਂ 'ਤੇ ਉੱਭਰ ਰਿਹਾ ਜਾਂ ਵਿਕਾਸ ਕਰ ਰਿਹਾ ਹੋਵੇਗਾ। ਪਰ ਉਹ ਹਮੇਸ਼ਾਂ ਸਕੂਲੀ ਵਰ੍ਹੇ ਦੇ ਸ਼ੁਰੂ ਵਿੱਚ  ਉਭਰਨਾ ਜਾਂ ਵਿਕਾਸ ਕਰਨਾ ਸ਼ੁਰੂ ਨਹੀਂ ਕਰਨਗੇ। ਅਤੇ ਨਾ ਹੀ ਸਕੂਲ ਸਾਲ ਦੇ ਅੰਤ 'ਤੇ ਹੀ ਇਹ ਹੋਵੇਗਾ ਕਿ ਉਹ ਨਿਪੁੰਨ ਹੋਣਗੇ।

ਨਿਪੁੰਨ ਹੋਣ ਦਾ ਇਹ ਮਤਲਬ ਨਹੀਂ ਕਿ ਸਿਖਣਾ ਰੁਕ ਗਿਆ ਹੈ। ਜੇ ਕੋਈ ਬੱਚਾ ਨਿਪੁੰਨ ਸਮਝ ਨਾਲ ਸ਼ੁਰੂਆਤ ਕਰਦਾ ਹੈ ਜਾਂ ਸਕੂਲ ਵਰ੍ਹੇ ਦੌਰਾਨ ਨਿਪੁੰਨ ਹੋ ਜਾਂਦਾ ਹੈ, ਤਾਂ ਉਹਨਾਂ ਵਾਸਤੇ ਟੀਚਾ ਉਹਨਾਂ ਦੀ ਸਿੱਖਿਆ ਨੂੰ ਅੱਗੇ ਵਧਾਉਣਾ ਹੁੰਦਾ ਹੈ।




**ਸਾਡੇ ਨਾਲ ਸੰਪਰਕ ਕਰੋ:** student.reporting@gov.bc.ca

### ਉਭਰ ਰਿਹਾ

ਉਭਰ  ਰਹੇ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡਾ ਬੱਚਾ ਸਿੱਖਣ ਦੇ ਕਿਸੇ ਖੇਤਰ ਵਿੱਚ ਸਫਲ ਨਹੀਂ ਹੈ। ਇਸਦਾ ਮਤਲਬ ਇਹ ਹੈ ਕਿ ਉਹ ਕਿਸੇ ਚੀਜ਼ ਨੂੰ ਸਮਝਣਾ ਸ਼ੁਰੂ ਕਰ ਰਹੇ ਹਨ। ਉਹ ਅਜੇ ਵੀ ਸਿੱਖ ਰਹੇ ਹਨ ਪਰ ਅੱਗੇ ਵਧਣ ਲਈ ਵਧੇਰੇ ਸਹਾਇਤਾ ਦੀ ਲੋੜ ਹੋ ਸਕਦੀ ਹੈ।

### ਵਿਕਾਸਸ਼ੀਲ

ਉਭਰ  ਰਹੇ ਦੀ ਤਰਾਂ ਹੀ ਵਿਕਾਸਸ਼ੀਲ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡਾ ਬੱਚਾ ਸਿੱਖਣ ਦੇ ਕਿਸੇ ਖੇਤਰ ਵਿੱਚ ਸਫਲ ਨਹੀਂ ਹੈ। ਇਸ ਦਾ ਮਤਲਬ ਇਹ ਹੈ ਕਿ ਉਹ ਕੁਝ ਚੀਜ਼ਾਂ ਨੂੰ ਸਮਝਦਾ ਹੈ ਪਰ ਅਜੇ ਉਸ ਨੂੰ ਹੋਰ ਕੰਮ ਕਰਨ ਦੀ ਲੋੜ ਹੈ।

### ਨਿਪੁੰਨ

ਨਿਪੁੰਨ ਹੋਣਾ ਤੁਹਾਡੇ ਬੱਚੇ ਵਾਸਤੇ ਟੀਚਾ ਹੁੰਦਾ ਹੈ। ਸਾਰੇ ਵਿਦਿਆਰਥੀਆਂ ਦਾ ਵੀ ਇਹੀ ਟੀਚਾ ਹੈ। ਜਦ ਤੁਹਾਡਾ ਬੱਚਾ ਨਿਪੁੰਨ ਹੁੰਦਾ ਹੈ, ਤਾਂ ਇਸਦਾ ਮਤਲਬ ਇਹ ਹੈ ਕਿ ਉਹ ਲੋੜੀਂਦੀ ਸਿੱਖਿਆ ਨੂੰ ਪੂਰੀ ਤਰ੍ਹਾਂ ਸਮਝਦਾ ਹੈ। ਪਰ ਇਸ ਦਾ ਇਹ ਮਤਲਬ ਨਹੀਂ ਕਿ ਉਨ੍ਹਾਂ ਦੀ ਸਿਖਿਆ ਰੁਕ ਗਈ ਹੈ।

### ਵਿਸਤਾਰ

ਇਹ ਤਾਂ  ਹੁੰਦਾ ਹੈ ਜਦੋਂ ਤੁਹਾਡਾ ਬੱਚਾ ਗਹਿਰੀ ਸਮਝ ਦਾ ਪ੍ਰਗਟਾਵਾ ਕਰਦਾ ਹੈ ਅਤੇ ਆਪਣੀ ਸਿੱਖਿਆ ਨੂੰ ਨਵੇਂ ਅਤੇ ਵਿਭਿੰਨ ਤਰੀਕਿਆਂ ਨਾਲ ਲਾਗੂ ਕਰਨ ਦੇ ਯੋਗ ਹੁੰਦਾ ਹੈ। ਸਿਖਿਆ ਦੇ ਹਰ ਖੇਤਰ ਵਿੱਚ ਸਾਰੇ ਵਿਦਿਆਰਥੀਆਂ ਵਾਸਤੇ ਵਿਸਤਾਰ ਕਰਨਾ ਕੋਈ ਟੀਚਾ ਨਹੀਂ ਹੈ।

# ਵਿਆਖਿਆਤਮਕ ਫੀਡਬੈਕ ਕੀ ਹੈ?



## ਅਧਿਆਪਕਾਂ ਵੱਲੋਂ ਵਿਆਖਿਆਤਮਕ ਫੀਡਬੈਕ ਇੰਨਾ ਮਹੱਤਵਪੂਰਣ ਕਿਉਂ ਹੈ?

ਵਿਆਖਿਆਤਮਕ ਫੀਡਬੈਕ ਉਹ ਲਿਖਤੀ ਟਿੱਪਣੀਆਂ ਹੁੰਦੀਆਂ ਹਨ ਜੋ ਤੁਸੀਂ ਆਪਣੇ ਬੱਚੇ ਦੇ ਰਿਪੋਰਟ ਕਾਰਡ 'ਤੇ ਦੇਖੋਗੇ। ਵਿਆਖਿਆਤਮਕ ਫੀਡਬੈਕ ਕਿੰਡਰਗਾਰਟਨ ਤੋਂ ਲੈਕੇ ਗਰੇਡ 12 ਤੱਕ, ਸਾਰੇ ਗਰੇਡਾਂ ਵਿਚਲੇ ਸਾਰੇ ਵਿਦਿਆਰਥੀਆਂ ਵਾਸਤੇ ਬਹੁਮੁੱਲੀ ਹੈ।

ਗਰੇਡ K-9 ਵਿੱਚ, ਹੋ ਸਕਦਾ ਹੈ ਤੁਹਾਡਾ ਬੱਚਾ ਗਣਿਤ ਵਿੱਚ "ਪ੍ਰਵੀਨਤਾ" ਅਤੇ ਅੰਗਰੇਜ਼ੀ ਵਿੱਚ "ਵਿਕਾਸਸ਼ੀਲ" ਪ੍ਰਾਪਤ ਕਰੇ। ਪਹਿਲੀ ਨਜ਼ਰੇ, ਤੁਸੀਂ ਇਹ ਮੰਨ ਸਕਦੇ ਹੋ ਕਿ ਤੁਹਾਡਾ ਬੱਚਾ ਗਣਿਤ ਵਿੱਚ "ਚੰਗਾ" ਹੈ ਅਤੇ ਅੰਗਰੇਜ਼ੀ ਵਿੱਚ "ਮਾੜਾ"। ਪਰ ਅਜਿਹਾ ਨਹੀਂ ਹੈ। ਸਾਰੇ ਵਿਦਿਆਰਥੀਆਂ ਦੀਆਂ ਕੁੱਝ ਸਮਰਥਾਵਾਂ ਅਤੇ ਕੁੱਝ ਅਜਿਹੇ ਖੇਤਰ ਹੁੰਦੇ ਹਨ ਜਿੰਨ੍ਹਾਂ 'ਤੇ ਉਹ ਅਜੇ ਕੰਮ ਕਰ ਰਹੇ ਹੁੰਦੇ ਹਨ।

ਗਰੇਡ 10-12 ਵਿੱਚ, ਕੇਵਲ ਲੈਟਰ ਗਰੇਡ ਅਤੇ ਪ੍ਰਤੀਸ਼ਤ ਹੀ ਇਸ ਚੀਜ਼ ਦੀ ਸਮੁੱਚੀ ਤਸਵੀਰ ਪ੍ਰਦਾਨ ਨਹੀਂ ਕਰਨਗੇ ਕਿ ਇੱਕ ਸਿਖਿਆਰਥੀ ਵਜੋਂ ਉਹ ਕੌਣ ਹਨ। ਇਥੇ ਹੀ ਵਿਆਖਿਆਤਮਕ ਫੀਡਬੈਕ ਦੀ ਲੋੜ ਪੈਂਦੀ ਹੈ। ਅਧਿਆਪਕ ਤੁਹਾਨੂੰ ਲਿਖਤੀ ਪ੍ਰਤੀਕਰਮ ਦੇਣਗੇ ਜੋ ਸਪੱਸ਼ਟ ਰੂਪ ਵਿੱਚ ਇਸ ਗੱਲ ਦਾ ਵਰਣਨ ਕਰਦਾ ਹੈ ਕਿ ਤੁਹਾਡਾ ਬੱਚਾ ਕੀ ਕਰ ਸਕਦਾ ਹੈ। ਇਹ ਤੁਹਾਨੂੰ ਦੱਸਦੀ ਹੈ ਕਿ ਤੁਹਾਡੇ ਬੱਚੇ ਨੂੰ ਆਪਣੀ ਸਿਖਿਆ ਵਿਚ ਅੱਗੇ ਵਧਣ ਲਈ ਹੋਰ ਕਿਸ ਚੀਜ਼ ਤੇ ਕੰਮ ਕਰਨ ਦੀ ਜ਼ਰੂਰਤ ਹੈ।

### ਵਿਆਖਿਆਤਮਕ ਫੀਡਬੈਕ:

- ਤੁਹਾਨੂੰ ਦੱਸਦੀ ਹੈ ਕਿ ਤੁਹਾਡਾ ਬੱਚਾ ਕੀ ਕਰ ਸਕਦਾ ਹੈ
- ਤੁਹਾਨੂੰ ਦੱਸਦੀ ਹੈ ਕਿ ਤੁਹਾਡੇ ਬੱਚੇ ਨੂੰ ਹੋਰ ਕਿਸ ਚੀਜ਼ ਤੇ ਕੰਮ ਕਰਨ ਦੀ ਜ਼ਰੂਰਤ ਹੈ
- ਤੁਹਾਨੂੰ ਦੱਸਦੀ ਹੈ ਕਿ ਤੁਹਾਡਾ ਬੱਚਾ ਕਲਾਸਰੂਮ ਵਿਚ ਕਿਵੇਂ ਵਿਚਰਦਾ ਹੈ
- ਤੁਹਾਡੇ ਬੱਚੇ ਨੂੰ ਆਪਣੀ ਸਿਖਿਆ ਨੂੰ ਅੱਗੇ ਲਿਜਾਣ ਵਾਸਤੇ ਰਣਨੀਤੀਆਂ ਪ੍ਰਦਾਨ ਕਰਦੀ ਹੈ



**ਮਾਤਾ-ਪਿਤਾ ਅਤੇ ਕੇਅਰਗਿਵਰਜ਼ ਵਾਸਤੇ ਜਾਣਕਾਰੀ**

# ਇਸ ਬਾਰੇ ਜਾਣਕਾਰੀ ਕਿ ਤੁਹਾਡਾ ਬੱਚਾ ਕੀ ਕਰ ਸਕਦਾ ਹੈ

ਸਿੱਖਣ ਦੀ ਪ੍ਰਕਿਰਿਆ ਵੱਖੋ ਵੱਖਰੇ ਵਿਦਿਆਰਥੀਆਂ ਲਈ ਵੱਖੋ ਵੱਖਰੀ ਗਤੀ ਤੇ ਹੁੰਦੀ ਹੈ। ਤੁਹਾਡੇ ਬੱਚੇ ਦਾ ਰਿਪੋਰਟ ਕਾਰਡ ਤੁਹਾਨੂੰ ਸਪੱਸ਼ਟ ਰੂਪ ਵਿੱਚ ਇਹ ਵਰਣਨ ਕਰੇਗਾ ਕਿ ਤੁਹਾਡਾ ਬੱਚਾ ਕੀ ਕਰ ਸਕਦਾ ਹੈ ਅਤੇ ਆਪਣੇ ਸਿੱਖਣ ਦੇ ਖੇਤਰਾਂ ਵਿੱਚੋਂ ਹਰੇਕ ਵਿੱਚ ਉਹਨਾਂ ਨੂੰ ਕਿਸ ਚੀਜ਼ 'ਤੇ ਕੰਮ ਕਰਨ ਦੀ ਲੋੜ ਹੈ। ਵਿਆਖਿਆਤਮਕ ਫੀਡਬੈਕ ਅਧਿਆਪਕ ਵੱਲੋਂ ਕੀਤੀਆਂ ਉਹ ਸੰਖੇਪ ਲਿਖਤੀ ਟਿੱਪਣੀਆਂ ਹੁੰਦੀਆਂ ਹਨ ਜੋ ਤੁਹਾਡੇ ਬੱਚੇ ਦੀਆਂ ਵਰਤਮਾਨ ਸਿੱਖਣ ਦੀਆਂ ਸ਼ਕਤੀਆਂ ਅਤੇ ਕਲਾਸਰੂਮ ਵਿਵਹਾਰ ਦਾ ਵਰਣਨ ਕਰਦੀਆਂ ਹਨ।



# ਕੰਮ ਸੰਬੰਧੀ ਆਦਤਾਂ ਅਤੇ ਵਰਤਾਓ ਬਾਰੇ ਜਾਣਕਾਰੀ

ਤੁਹਾਡੇ ਬੱਚੇ ਦੇ ਮਾਰਕ ਜਾਂ ਨੰਬਰ (ਪ੍ਰਵੀਨਤਾ ਪੈਮਾਨੇ 'ਤੇ, ਜਾਂ ਲੈਟਰ ਗਰੇਡਾਂ ਅਤੇ ਪ੍ਰਤੀਸ਼ਤਾਂ 'ਤੇ) ਹਰੇਕ ਖੇਤਰ ਵਿੱਚ ਉਸਦੀ ਸਿੱਖਿਆ ਦੀ ਝਲਕ ਦਿੰਦੇ ਹਨ। ਲਿਖਤੀ ਟਿੱਪਣੀਆਂ ਵਿੱਚ ਤੁਹਾਡੇ ਬੱਚੇ ਦੀਆਂ ਕੰਮ ਕਰਨ ਦੀਆਂ ਆਦਤਾਂ ਅਤੇ ਵਿਵਹਾਰਾਂ ਬਾਰੇ ਜਾਣਕਾਰੀ ਸ਼ਾਮਲ ਹੁੰਦੀ ਹੈ।

ਗਰੇਡਿੰਗ ਅਤੇ ਰਿਪੋਰਟਿੰਗ ਅਨੁਸ਼ਾਸਨੀ ਔਜ਼ਾਰ ਨਹੀਂ ਹਨ। ਉਦਾਹਰਨ ਲਈ, ਜਮਾਤ ਵਿੱਚ ਜਿੰਮ ਵਾਲੇ ਕੱਪੜੇ ਨਾ ਲਿਆਉਣ ਕਰਕੇ ਵਿਦਿਆਰਥੀ ਆਪਣੇ ਗਰੇਡ ਦਾ 10% ਨਹੀਂ ਗੁਆ ਸਕਦੇ, ਅਤੇ ਲੇਟ ਹੋਣ ਦੀ ਸਜ਼ਾ ਵਜੋਂ ਉਹਨਾਂ ਦੇ ਨੰਬਰ ਨਹੀਂ ਕੱਟੇ ਜਾ ਸਕਦੇ।


ਪਰ ਸਕੂਲ ਦੇ ਅੰਦਰ ਵਰਤਾਓ ਫੇਰ ਵੀ ਮਹੱਤਵਪੂਰਨ ਹੈ। ਜੇ ਕੋਈ ਵਿਦਿਆਰਥੀ ਜਮਾਤ ਵਿੱਚ ਹਾਜ਼ਰੀ ਨਹੀਂ ਭਰਦਾ ਜਾਂ ਭਾਗ ਨਹੀਂ ਲੈਂਦਾ, ਤਾਂ ਅਧਿਆਪਕਾਂ ਵਾਸਤੇ ਉਨ੍ਹਾਂ ਦੀ ਸਿੱਖਿਆ ਦਾ ਮੁਲਾਂਕਣ ਕਰਨਾ ਮੁਸ਼ਕਿਲ ਹੋ ਜਾਵੇਗਾ।



# ਤੁਹਾਡੇ ਬੱਚੇ ਨੂੰ ਹੋਰ ਕਿਸ ਚੀਜ਼ ਤੇ ਕੰਮ ਕਰਨ ਦੀ ਜ਼ਰੂਰਤ ਹੈ

ਤੁਹਾਡੇ ਬੱਚੇ ਦੇ ਰਿਪੋਰਟ ਕਾਰਡ ਵਿਚਲੀ ਜਾਣਕਾਰੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਣੀ ਚਾਹੀਦੀ। ਆਦਰਸ਼ਕ ਤੌਰ 'ਤੇ, ਇਸਤੋਂ ਪਹਿਲਾਂ ਕਿ ਤੁਸੀਂ ਕੋਈ ਰਿਪੋਰਟ ਕਾਰਡ ਪ੍ਰਾਪਤ ਕਰੋ, ਤੁਹਾਨੂੰ ਆਪਣੇ ਬੱਚੇ ਦੇ ਅਧਿਆਪਕ ਕੋਲੋਂ ਕਿਸੇ ਵੀ ਅਜਿਹੇ ਖੇਤਰਾਂ ਬਾਰੇ ਸੁਣਨਾ ਚਾਹੀਦਾ ਹੈ ਜਿੰਨ੍ਹਾਂ ਵਿੱਚ ਸੁਧਾਰ ਕਰਨ ਦੀ ਲੋੜ ਹੈ, ਚਾਹੇ ਇਹ ਉਹਨਾਂ ਦੀ ਸਿੱਖਿਆ ਵਿੱਚ ਹੋਵੇ ਜਾਂ ਉਹਨਾਂ ਦੇ ਵਿਵਹਾਰ ਵਿੱਚ

ਤੁਹਾਡੇ ਬੱਚੇ ਦਾ ਰਿਪੋਰਟ ਕਾਰਡ ਤੁਹਾਨੂੰ ਸਪੱਸ਼ਟ ਰੂਪ ਵਿੱਚ ਇਹ ਵਰਣਨ ਕਰੇਗਾ ਕਿ ਤੁਹਾਡਾ ਬੱਚਾ ਕੀ ਕਰ ਸਕਦਾ ਹੈ ਅਤੇ ਆਪਣੇ ਸਿੱਖਣ ਦੇ ਖੇਤਰਾਂ ਵਿੱਚੋਂ ਹਰੇਕ ਵਿੱਚ ਉਹਨਾਂ ਨੂੰ ਕਿਸ ਚੀਜ਼ 'ਤੇ ਕੰਮ ਕਰਨ ਦੀ ਲੋੜ ਹੈ। ਅਧਿਆਪਕ ਉਹਨਾਂ ਤਰੀਕਿਆਂ ਦਾ ਵਰਣਨ ਕਰ ਸਕਦਾ ਹੈ ਜਿੰਨ੍ਹਾਂ ਨਾਲ ਤੁਸੀਂ ਘਰ ਵਿਖੇ ਆਪਣੇ ਬੱਚੇ ਦੀ ਸਹਾਇਤਾ ਕਰ ਸਕਦੇ ਹੋ। ਉਹ ਇਹ ਵੀ ਵਰਣਨ ਕਰ ਸਕਦੇ ਹਨ ਕਿ ਤੁਹਾਡੀ ਸਿੱਖਿਆ ਵਿੱਚ ਸੁਧਾਰ ਕਰਨ ਅਤੇ ਅੱਗੇ ਵਧਣ ਲਈ ਤੁਹਾਡੇ ਬੱਚੇ ਨੂੰ ਜਮਾਤ ਵਿੱਚ ਕਿਸ ਤਰ੍ਹਾਂ ਸਹਾਇਤਾ ਦਿੱਤੀ ਜਾ ਰਹੀ ਹੈ।



**ਸਾਡੇ ਨਾਲ ਸੰਪਰਕ ਕਰੋ:** student.reporting@gov.bc.ca

# ਮੇਰਾ ਬੱਚਾ ਸਵੈ-ਚਿੰਤਨ ਕਿਉਂ ਕਰ ਰਿਹਾ ਹੈ ਅਤੇ ਟੀਚੇ ਕਿਉਂ ਤੈਅ ਕਰ ਰਿਹਾ ਹੈ?



## ਸਵੈ-ਚਿੰਤਨ ਅਤੇ ਟੀਚੇ ਤੈਅ ਕਰਨਾ ਵਿਦਿਆਰਥੀਆਂ ਦੀ ਕਿਵੇਂ ਮਦਦ ਕਰ ਸਕਦੇ ਹਨ?

ਸਾਡਾ ਸੰਸਾਰ ਲਗਾਤਾਰ ਬਦਲ ਰਿਹਾ ਹੈ। ਵਿਦਿਆਰਥੀਆਂ ਵਾਸਤੇ ਤੱਥਾਂ ਅਤੇ ਜਾਣਕਾਰੀ ਨੂੰ ਸਿੱਖਣਾ ਅਜੇ ਵੀ ਮਹੱਤਵਪੂਰਨ ਹੈ, ਪਰ ਵਿਦਿਆਰਥੀਆਂ ਵਾਸਤੇ ਇਹ ਸਿੱਖਣਾ ਵੀ ਮਹੱਤਵਪੂਰਨ ਹੈ ਕਿ ਕਿਵੇਂ ਸੋਚਣਾ, ਸੰਚਾਰ ਕਰਨਾ ਅਤੇ ਹੋਰਾਂ ਨਾਲ ਮਿਲਣਾ-ਵਰਤਣਾ ਹੈ। ਇਥੇ ਹੀ ਮੂਲ ਯੋਗਤਾਵਾਂ ਦੀ ਲੋੜ ਪੈਂਦੀ ਹੈ। ਮੂਲ ਯੋਗਤਾਵਾਂ ਬੀਸੀ ਦੇ ਪਾਠਕ੍ਰਮ ਦਾ ਭਾਗ ਹਨ, ਇਸ ਲਈ ਹਰ ਉਸ ਦਿਨ ਜਦੋਂ ਤੁਹਾਡਾ ਬੱਚਾ ਸਕੂਲ ਜਾਂਦਾ ਹੈ, ਉਹ ਇਹਨਾਂ ਹੁਨਰਾਂ ਦਾ ਨਿਰਮਾਣ ਕਰੇਗਾ।

ਸਵੈ-ਚਿੰਤਨ ਅਤੇ ਟੀਚੇ ਦੀ ਸਥਾਪਨਾ, ਵਿਦਿਆਰਥੀਆਂ ਵਾਸਤੇ ਸਭ ਤੋਂ ਛੋਟੀ ਉਮਰ ਤੋਂ ਹੀ ਸਿੱਖਣ ਵਾਸਤੇ ਮਹੱਤਵਪੂਰਨ ਜੀਵਨ ਹੁਨਰ ਹਨ। ਇਹ ਮੁਹਾਰਤਾਂ ਉਹਨਾਂ ਨੂੰ ਸਕੂਲ ਅਤੇ ਆਪਣੇ ਭਵਿੱਖ ਦੋਨਾਂ ਵਿੱਚ ਹੀ ਸਫਲ ਹੋਣ ਵਿੱਚ ਮਦਦ ਕਰਨਗੀਆਂ, ਜਿਸ ਵਿੱਚ ਵਰਕਪਲੇਸ ਵੀ ਸ਼ਾਮਲ ਹੈ। ਸਵੈ-ਚਿੰਤਨ ਅਤੇ ਟੀਚੇ ਤੈਅ ਕਰਨਾ ਤੁਹਾਡੇ ਬੱਚੇ ਨੂੰ ਆਪਣੇ ਆਪ ਨੂੰ ਬੇਹਤਰ ਤਰੀਕੇ ਨਾਲ ਸਮਝਣ, ਆਪਣੇ ਟੀਚਿਆਂ ਵਾਸਤੇ ਕਾਰਜ ਕਰਨ ਅਤੇ ਇਹਨਾਂ ਦੀ ਪੂਰਤੀ ਕਰਨ, ਅਤੇ ਆਪਣੀਆਂ ਸਫਲਤਾਵਾਂ ਦਾ ਜਸ਼ਨ ਮਨਾਉਣ ਵਿੱਚ ਮਦਦ ਕਰਨਗੇ।

## ਸਵੈ-ਚਿੰਤਨ ਅਤੇ ਟੀਚਾ ਤੈਅ ਕਰਨਾ:

- ਤੁਹਾਡੇ ਬੱਚੇ ਨੂੰ **ਕਿੰਡਰਗਾਰਟਨ ਤੋਂ ਗਰੇਡ 12 ਤੱਕ** ਉਸਦੀ ਸਿੱਖਿਆ ਵਿੱਚ ਸਰਗਰਮੀ ਨਾਲ ਸ਼ਾਮਲ ਕਰਦੇ ਹਨ
- ਤੁਹਾਡੇ ਬੱਚੇ ਨੂੰ ਉਸਦੀਆਂ ਸ਼ਕਤੀਆਂ ਅਤੇ ਚੁਣੌਤੀਆਂ ਨੂੰ ਸਮਝਣ ਵਿੱਚ ਮਦਦ ਕਰਦੇ ਹਨ
- ਤੁਹਾਡੇ ਬੱਚੇ ਨੂੰ ਸਿਖਾਉਂਦੇ ਹਨ ਕਿ ਟੀਚੇ ਕਿਵੇਂ ਤੈਅ ਕਰਨੇ ਹਨ ਅਤੇ ਇਹਨਾਂ ਵਾਸਤੇ ਕਾਰਜ ਕਿਵੇਂ ਕਰਨਾ ਹੈ
- ਉਹਨਾਂ ਹੁਨਰਾਂ ਦਾ ਵਿਕਾਸ ਕਰਦੇ ਹਨ ਜਿੰਨ੍ਹਾਂ ਦੀ ਤੁਹਾਡੇ ਬੱਚੇ ਨੂੰ ਸਕੂਲ ਵਿੱਚ ਅਤੇ ਭਵਿੱਖ ਵਿੱਚ ਸਫਲ ਹੋਣ ਲਈ ਲੋੜ ਪਵੇਗੀ



BRITISH COLUMBIA

## ਮੂਲ ਯੋਗਤਾਵਾਂ ਕੀ ਹਨ?

ਮੁੱਖ ਯੋਗਤਾਵਾਂ (ਸੰਚਾਰ, ਸੋਚਣੀ, ਅਤੇ ਵਿਅਕਤੀਗਤ ਅਤੇ ਸਮਾਜਕ) ਬੀ ਸੀ ਪਾਠਕ੍ਰਮ ਦਾ ਭਾਗ ਹਨ। ਇਹਨਾਂ ਹੁਨਰਾਂ ਨੂੰ ਸਿੱਖਣਾ ਵਿਦਿਆਰਥੀਆਂ ਨੂੰ ਸਕੂਲ ਵਿੱਚ, ਵਰਕਪਲੇਸ ਵਿੱਚ, ਅਤੇ ਹੋਰਨਾਂ ਨਾਲ ਉਹਨਾਂ ਦੇ ਰਿਸ਼ਤਿਆਂ ਵਿੱਚ ਸਫਲਤਾ ਵਾਸਤੇ ਤਿਆਰ ਕਰਦਾ ਹੈ।

ਤੁਹਾਡੇ ਵਾਂਗ, ਤੁਹਾਡੇ ਬੱਚੇ ਦਾ ਅਧਿਆਪਕ ਤੁਹਾਡੇ ਬੱਚੇ ਨੂੰ ਹਰ ਰੋਜ਼ ਇਹਨਾਂ ਹੁਨਰਾਂ ਦਾ ਨਿਰਮਾਣ ਕਰਨ ਵਿੱਚ ਮਦਦ ਕਰ ਰਿਹਾ ਹੈ। ਇਸ ਤਰ੍ਹਾਂ ਤੁਹਾਡਾ ਬੱਚਾ ਇਹ ਸਿੱਖੇਗਾ ਕਿ ਸਿਹਤਮੰਦ ਦੋਸਤੀ ਕਿਵੇਂ ਕਰਨੀ ਹੈ, ਹੋਰਨਾਂ ਦੀ ਦੇਖਭਾਲ ਕਿਵੇਂ ਕਰਨੀ ਹੈ, ਹੋਰਨਾਂ ਨਾਲ ਵਧੀਆ ਸੰਚਾਰ ਕਿਵੇਂ ਕਰਨਾ ਹੈ, ਆਲੋਚਨਾਤਮਕ ਤਰੀਕੇ ਨਾਲ ਸੋਚਣਾ ਹੈ, ਅਤੇ ਸਮੱਸਿਆਵਾਂ ਨੂੰ ਹੱਲ ਕਿਵੇਂ ਕਰਨਾ ਹੈ।



## ਤੁਸੀਂ ਰਿਪੋਰਟ ਕਾਰਡ ਤੇ ਕੀ ਦੇਖੋਗੇ?

ਮੂਲ ਯੋਗਤਾਵਾਂ ਅਤੇ ਟੀਚੇ ਨੂੰ ਤੈਅ ਕਰਨ ਦੀ ਪ੍ਰਕਿਰਿਆ ਬਾਰੇ ਸਵੈ-ਚਿੰਤਨ ਤੁਹਾਡੇ ਬੱਚੇ ਵਾਸਤੇ ਅਰਥ-ਭਰਪੂਰ ਹੋਣ ਵਾਸਤੇ ਹਨ। ਪ੍ਰਾਂਤ ਵਿਚਲੇ ਸਾਰੇ ਵਿਦਿਆਰਥੀਆਂ ਵਾਸਤੇ ਮੰਤਰਾਲੇ ਨੂੰ ਕਿਸੇ ਵਿਸ਼ੇਸ਼ ਫਾਰਮੈਟ ਦੀ ਲੋੜ ਨਹੀਂ ਹੈ। ਇਹ ਕੋਈ ਲਿਖਤੀ ਜਵਾਬ, ਕੋਈ ਕਲਾ ਪ੍ਰੋਜੈਕਟ, ਕੋਈ ਆਡੀਓ ਜਾਂ ਵੀਡੀਓ ਰਿਕਾਰਡਿੰਗ, ਕੋਈ ਪੋਰਟਫੋਲੀਓ ਐਂਟਰੀ, ਜਾਂ ਕੁਝ ਹੋਰ ਹੋ ਸਕਦਾ ਹੈ। ਤੁਹਾਡੇ ਬੱਚੇ ਦਾ ਸਕੂਲ ਇਹ ਫੈਸਲਾ ਕਰੇਗਾ ਕਿ ਸਕੂਲ ਵਿਚਲੇ ਸਾਰੇ ਵਿਦਿਆਰਥੀਆਂ ਵਾਸਤੇ ਕਿਹੜੀ ਚੀਜ਼ ਸਭ ਤੋਂ ਵੱਧ ਮਤਲਬ ਰੱਖਦੀ ਹੈ।

ਤੁਹਾਨੂੰ ਪ੍ਰਾਪਤ ਹੋਣ ਵਾਲੀ ਹਰੇਕ ਲਿਖਤੀ ਰਿਪੋਰਟ 'ਤੇ, ਤੁਹਾਡੇ ਬੱਚੇ ਦਾ ਅਧਿਆਪਕ ਤੁਹਾਨੂੰ ਦੱਸੇਗਾ ਕਿ ਤੁਸੀਂ ਆਪਣੇ ਬੱਚੇ ਦੀ ਸੋਚਣੀ ਅਤੇ ਟੀਚਿਆਂ ਨੂੰ ਕਿੱਥੇ ਲੱਭ ਸਕਦੇ ਹੋ।



## ਸਵੈ-ਚਿੰਤਨ ਅਤੇ ਟੀਚਾ ਤੈਅ ਕਰਨਾ ਕੀ ਹੈ?

ਤੁਹਾਡਾ ਬੱਚਾ ਆਪਣੇ ਸੰਚਾਰ, ਸੋਚਣ, ਅਤੇ ਸਮਾਜਕ ਹੁਨਰਾਂ (ਮੂਲ ਯੋਗਤਾਵਾਂ) 'ਤੇ ਝਾਤ ਪਾਵੇਗਾ। ਸਵੈ-ਚਿੰਤਨ ਉਸ ਸਮੇਂ ਹੁੰਦਾ ਹੈ ਜਦ ਤੁਹਾਡਾ ਬੱਚਾ ਉਹਨਾਂ ਵੱਲੋਂ ਵਿਕਸਤ ਕੀਤੀਆਂ ਮੁਹਾਰਤਾਂ ਬਾਰੇ ਗਹਿਰਾਈ ਨਾਲ ਸੋਚਦਾ ਹੈ ਅਤੇ ਇਹ ਵੀ ਕਿ ਉਹ ਇਹਨਾਂ ਹੁਨਰਾਂ ਨੂੰ ਵਧਾਉਣਾ ਕਿਵੇਂ ਜਾਰੀ ਰੱਖ ਸਕਦੇ ਹਨ।

ਤੁਹਾਡਾ ਬੱਚਾ ਟੀਚੇ ਵੀ ਤੈਅ ਕਰੇਗਾ। ਟੀਚਾ ਤੈਅ ਕਰਨਾ ਕਿਸੇ ਸਿੱਖਣ ਦੇ ਟੀਚੇ ਬਾਰੇ ਫੈਸਲਾ ਕਰਨਾ ਅਤੇ ਫੇਰ ਇਸ ਵੱਲ ਕੰਮ ਕਰਨਾ ਹੈ। ਜਦ ਤੁਹਾਡਾ ਬੱਚਾ ਟੀਚੇ ਤੈਅ ਕਰਦਾ ਹੈ ਅਤੇ ਉਹਨਾਂ ਪ੍ਰਤੀ ਕਾਰਜ ਕਰਦਾ ਹੈ, ਤਾਂ ਉਹ ਆਪਣੇ ਭਵਿੱਖ ਨੂੰ ਆਕਾਰ ਦੇ ਰਿਹਾ ਹੁੰਦਾ ਹੈ। ਜਦੋਂ ਉਨ੍ਹਾਂ ਨੂੰ ਕਿਸੇ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਉਹ ਇਹ ਸਿੱਖਣਗੇ ਕਿ ਫਸਣ ਦੀ ਬਜਾਇ ਰਚਨਾਤਮਕ ਸਮਾਧਾਨ ਕਿਵੇਂ ਲੱਭਣੇ ਹਨ।

ਖੋਜ ਇਹ ਦਰਸਾਉਂਦੀ ਹੈ ਕਿ ਬੱਚੇ ਬਿਹਤਰ ਕਾਰਗੁਜ਼ਾਰੀ ਕਰਦੇ ਹਨ, ਜਦੋਂ ਉਨ੍ਹਾਂ ਦੀ ਸਿਖਿਆ ਵਿਚ ਉਨ੍ਹਾਂ ਦੀ ਰਾਏ ਲਈ ਜਾਵੇ। ਸਵੈ-ਚਿੰਤਨ ਅਤੇ ਟੀਚਾ ਤੈਅ ਕਰਨਾ ਉਨ੍ਹਾਂ ਨੂੰ ਇਹ ਮੌਕਾ ਦਿੰਦੇ ਹਨ।



**ਸਾਡੇ ਨਾਲ ਸੰਪਰਕ ਕਰੋ:** student.reporting@gov.bc.ca

# ਮੇਰਾ ਬੱਚਾ ਗਰੈਜੂਏਟ ਕਰਨ ਵੱਲ ਸਹੀ ਰਸਤੇ ਤੇ ਹੈ, ਉਸ ਬਾਰੇ ਮੈਨੂੰ ਕਿਵੇਂ ਪਤਾ ਲੱਗੇਗਾ?



## ਗਰੈਜੂਏਸ਼ਨ ਅਵਸਥਾ ਅਪਡੇਟ ਕਿਉਂ?

ਕੀ ਤੁਸੀਂ ਜਾਣਦੇ ਹੋ ਕਿ ਗਰੈਜੂਏਟ ਬਣਨ ਲਈ ਤੁਹਾਡੇ ਬੱਚੇ ਨੂੰ ਕਿਹੜੇ ਕੋਰਸਾਂ ਦੀ ਲੋੜ ਹੁੰਦੀ ਹੈ? ਗਰੈਜੂਏਸ਼ਨ ਅਵਸਥਾ ਬਾਰੇ ਤਾਜ਼ਾ ਜਾਣਕਾਰੀ ਸਪੱਸ਼ਟ ਰੂਪ ਵਿੱਚ ਬਿਆਨ ਕਰਦੀ ਹੈ ਕਿ ਤੁਹਾਡਾ ਬੱਚਾ ਕਿਹੜੇ ਗਰੈਜੂਏਸ਼ਨ ਰਸਤੇ 'ਤੇ ਹੈ ਅਤੇ ਇਹ ਤੁਹਾਨੂੰ ਉਸ ਰਸਤੇ ਬਾਰੇ ਜਾਣਕਾਰੀ ਦਿੰਦਾ ਹੈ।

ਜਦ ਤੁਹਾਡਾ ਬੱਚਾ ਗਰੇਡ 10-12 ਵਿੱਚ ਹੁੰਦਾ ਹੈ, ਤਾਂ ਉਹ ਹਰ ਜੂਨ ਨੂੰ ਆਪਣੇ ਰਿਪੋਰਟ ਕਾਰਡ ਵਿੱਚ ਇੱਕ ਗਰੈਜੂਏਸ਼ਨ ਅਵਸਥਾ ਬਾਰੇ ਤਾਜ਼ਾ ਜਾਣਕਾਰੀ ਪ੍ਰਾਪਤ ਕਰੇਗਾ। ਗਰੈਜੂਏਸ਼ਨ ਅਵਸਥਾ ਬਾਰੇ ਅੱਪਡੇਟ ਉਹਨਾਂ ਕੋਰਸਾਂ ਅਤੇ ਮੁਲਾਂਕਣਾਂ ਨੂੰ ਪੂਰਾ ਕਰਨ ਵਿੱਚ ਤੁਹਾਡੇ ਬੱਚੇ ਦੀ ਪ੍ਰਗਤੀ ਦਾ ਸਨੈਪਸ਼ਾਟ ਪ੍ਰਦਾਨ ਕਰਦੀ ਹੈ ਜਿੰਨ੍ਹਾਂ ਦੀ ਉਹਨਾਂ ਨੂੰ ਗਰੈਜੂਏਸ਼ਨ ਵਾਸਤੇ ਲੋੜ ਹੁੰਦੀ ਹੈ। ਇਹ ਤੁਹਾਨੂੰ ਦਿਖਾਏਗਾ ਕਿ ਕਿਹੜੇ ਕੋਰਸਾਂ ਅਤੇ ਮੁਲਾਂਕਣਾਂ ਨੂੰ ਪੂਰਾ ਕੀਤਾ ਗਿਆ ਹੈ, ਤੁਹਾਡੇ ਬੱਚੇ ਨੂੰ ਵਰਤਮਾਨ ਸਮੇਂ ਕਿਹੜੇ ਕੋਰਸਾਂ ਵਿੱਚ ਦਾਖਲ ਕੀਤਾ ਗਿਆ ਹੈ, ਅਤੇ ਉਹਨਾਂ ਦੇ ਗਰੈਜੂਏਟ ਬਣਨ ਲਈ ਹੋਰ ਕੀ ਕਰਨ ਦੀ ਲੋੜ ਹੈ।

ਗਰੈਜੂਏਸ਼ਨ ਅਵਸਥਾ ਬਾਰੇ ਤਾਜ਼ਾ ਜਾਣਕਾਰੀ ਤੁਹਾਡੇ ਬੱਚੇ ਨੂੰ ਕੋਰਸ ਦੀ ਚੋਣ ਕਰਨ ਵਿੱਚ ਵੀ ਮਦਦ ਕਰੇਗੀ। ਇਹ ਸੁਨਿਸ਼ਚਿਤ ਕਰਦਾ ਹੈ ਕਿ ਹਰ ਕੋਈ ਦੇਰੀ ਤੋਂ ਪਹਿਲਾਂ ਗ੍ਰੈਜੂਏਸ਼ਨ ਦੀਆਂ ਕਿਸੇ ਵੀ ਸਮੱਸਿਆਵਾਂ ਬਾਰੇ ਜਾਣੂ ਹੋਵੇ।

ਕੀ ਤੁਸੀਂ ਜਾਣਦੇ ਹੋ ਕਿ ਬੀ ਸੀ ਵਿੱਚ ਗਰੈਜੂਏਟ ਹੋਣ ਦੇ ਕੁਝ ਵਿਭਿੰਨ ਤਰੀਕੇ ਹਨ? ਵਿਭਿੰਨ ਗਰੈਜੂਏਸ਼ਨ ਮਾਰਗਾਂ ਦੀਆਂ ਵਿਭਿੰਨ ਕੋਰਸ ਲੋੜਾਂ ਹੁੰਦੀਆਂ ਹਨ। ਵਿਭਿੰਨ ਸੂਬਾਈ ਮੁਲਾਂਕਣ ਵੀ ਹਨ ਜਿੰਨ੍ਹਾਂ ਨੂੰ ਵਿਦਿਆਰਥੀ ਲੈ ਸਕਣਗੇ।

## ਗਰੈਜੂਏਸ਼ਨ ਅਵਸਥਾ ਅਪਡੇਟ:

- ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਗਰੈਜੂਏਸ਼ਨ ਕਰਨ ਦੇ ਵਿਭਿੰਨ ਰਸਤਿਆਂ ਬਾਰੇ ਦੱਸਦੀ ਹੈ
- ਉਹਨਾਂ ਸਾਰੇ ਕੋਰਸਾਂ ਅਤੇ ਮੁਲਾਂਕਣਾਂ ਨੂੰ ਪੂਰਾ ਕਰਨ ਵਿੱਚ ਤੁਹਾਡੇ ਬੱਚੇ ਦੀ ਪ੍ਰਗਤੀ ਨੂੰ ਦਿਖਾਉਂਦਾ ਹੈ ਜਿੰਨ੍ਹਾਂ ਦੀ ਉਹਨਾਂ ਨੂੰ ਗਰੈਜੂਏਟ ਬਣਨ ਵਾਸਤੇ ਲੋੜ ਹੁੰਦੀ ਹੈ
- ਤੁਹਾਡੇ ਬੱਚੇ ਨੂੰ ਕੋਰਸਾਂ ਦੀ ਚੋਣ ਕਰਨ ਵਿੱਚ ਮਦਦ ਕਰਦੀ ਹੈ
- ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਗਰੈਜੂਏਸ਼ਨ ਨਾਲ ਸਬੰਧਿਤ ਕਿਸੇ ਵੀ ਸੰਭਾਵਿਤ ਸਮੱਸਿਆਵਾਂ ਬਾਰੇ ਪਹਿਲਾਂ ਹੀ ਦੱਸ ਦਿੰਦੀ ਹੈ



**ਮਾਤਾ-ਪਿਤਾ ਅਤੇ ਕੇਅਰਗਿਵਰਜ਼ ਵਾਸਤੇ ਜਾਣਕਾਰੀ**

# ਡੌਗਵੁੱਡ ਡਿਪਲੋਮਾ

ਬ੍ਰਿਟਿਸ਼ ਕੋਲੰਬੀਆ ਸਰਟੀਫਿਕੇਟ ਆਫ ਗਰੈਜੂਏਸ਼ਨ (ਡੌਗਵੁੱਡ ਡਿਪਲੋਮਾ)। ਕਿਸੇ ਡੌਗਵੁੱਡ ਡਿਪਲੋਮਾ ਦੇ ਨਾਲ ਗਰੈਜੂਏਟ ਹੋਣ ਲਈ, ਵਿਦਿਆਰਥੀਆਂ ਨੂੰ ਲਾਜ਼ਮੀ ਤੌਰ 'ਤੇ ਗਰੇਡਾਂ 10, 11, ਅਤੇ 12 ਵਿੱਚ ਘੱਟੋ ਘੱਟ 80 ਕੋਰਸ ਕਰੈਡਿਟ ਹਾਸਲ ਕਰਨੇ ਚਾਹੀਦੇ ਹਨ, ਅਤੇ ਅੰਕ-ਗਣਿਤ ਵਿੱਚ ਇੱਕ ਸੂਬਾਈ ਮੁਲਾਂਕਣ ਦੇਣਾ ਚਾਹੀਦਾ ਹੈ ਅਤੇ ਸਾਖਰਤਾ ਵਿੱਚ ਦੋ ਸੂਬਾਈ ਮੁਲਾਂਕਣ ਦੇਣਾ ਚਾਹੀਦਾ ਹੈ।

# ਦੋਹਰੀ ਡੌਗਵੁੱਡ

ਕਿਸੇ ਫਰੈਂਕੋਫੋਨ ਸਕੂਲ ਜਾਂ ਬ੍ਰਿਟਿਸ਼ ਕੋਲੰਬੀਆ ਵਿੱਚ ਫਰੈਂਚ ਈਮਰਜ਼ਨ ਪ੍ਰੋਗਰਾਮਾਂ ਵਿਚਲੇ ਵਿਦਿਆਰਥੀ ਦੋ ਸਰਟੀਫਿਕੇਟ ਹਾਸਲ ਕਰ ਸਕਦੇ ਹਨ: ਇੱਕ ਫਰੈਂਚ ਵਿੱਚ (Diplôme de fin d'études secondaires en Colombie-Britaniique) ਅਤੇ ਇੱਕ ਅੰਗਰੇਜ਼ੀ ਵਿੱਚ (ਡੌਗਵੁੱਡ ਡਿਪਲੋਮਾ)। ਦੋਵੇਂ ਸਰਟੀਫਿਕੇਟ ਹਾਸਲ ਕਰਨ ਲਈ, ਵਿਦਿਆਰਥੀ ਲਾਜ਼ਮੀ ਤੌਰ 'ਤੇ:

- ਡੌਗਵੁੱਡ ਡਿਪਲੋਮਾ ਵਾਸਤੇ ਗਰੈਜੂਏਸ਼ਨ ਦੀਆਂ ਸਾਰੀਆਂ ਲੋੜਾਂ ਦੀ ਪੂਰਤੀ ਕਰਦਾ ਹੋਵੇ
- ਗਰੇਡਾਂ 10, 11, ਅਤੇ 12 ਵਿੱਚੋਂ ਹਰੇਕ ਵਿੱਚ ਵਧੀਕ ਫ੍ਰੈਂਕੋਫੋਨ ਜਾਂ ਫਰੈਂਚ ਇਮਰਸ਼ਨ ਕੋਰਸ ਲਵੇ
- ਫਰੈਂਚ ਵਿੱਚ ਪੜ੍ਹਾਏ ਜਾਂਦੇ ਕੋਰਸਾਂ ਵਿੱਚ ਗਰੈਜੂਏਸ਼ਨ ਵਾਸਤੇ ਘੱਟੋ ਘੱਟ 12 ਹੋਰ ਕਰੈਡਿਟ ਹਾਸਲ ਕਰੇ
- ਅੰਕ-ਗਣਿਤ ਅਤੇ ਸਾਖਰਤਾ ਵਿੱਚ ਸੂਬਾਈ ਅਸੈੱਸਮੈਂਟ ਲਵੇ ਜੋ ਉਹਨਾਂ ਦੇ ਪ੍ਰੋਗਰਾਮ ਵਾਸਤੇ ਵਿਸ਼ੇਸ਼ ਹਨ

# ਬਾਲਗ ਗਰੇਡੂਏਸ਼ਨ ਡਿਪਲੋਮਾ

ਬੀ ਸੀ ਉਹਨਾਂ ਬਾਲਗਾਂ ਵਾਸਤੇ ਇੱਕ ਵਿਕਲਪਕ ਰਸਤੇ ਦੀ ਪੇਸ਼ਕਸ਼ ਕਰਦਾ ਹੈ ਜੋ ਆਪਣਾ ਡਿਪਲੋਮਾ ਹਾਸਲ ਕਰਨਾ ਚਾਹੁੰਦੇ ਹਨ। ਬ੍ਰਿਟਿਸ਼ ਕੋਲੰਬੀਆ ਅਡੱਲਟ ਗਰੈਜੂਏਸ਼ਨ ਡਿਪਲੋਮਾ (BCAGD) ਲਈ ਡੌਗਵੁੱਡ ਡਿਪਲੋਮਾ ਵਾਸਤੇ ਲੋੜੀਂਦੇ 80 ਕਰੈਡਿਟਾਂ ਦੀ ਬਜਾਏ ਅਧਿਐਨ ਦੇ 20 ਕਰੈਡਿਟਾਂ ਦੀ ਲੋੜ ਹੈ। ਬਾਲਗ ਗਰੈਜੂਏਸ਼ਨ ਪ੍ਰੋਗਰਾਮ ਵਿੱਚ ਦਾਖਲ ਹੋਣ ਲਈ ਵਿਦਿਆਰਥੀਆਂ ਦੀ ਉਮਰ ਲਾਜ਼ਮੀ ਤੌਰ 'ਤੇ ਘੱਟੋ ਘੱਟ 18 ਸਾਲਾਂ ਦੀ ਹੋਣੀ ਚਾਹੀਦੀ ਹੈ।

ਜੇ ਕੋਈ ਸਕੂਲ-ਉਮਰ ਦਾ ਵਿਦਿਆਰਥੀ (18 ਜਾਂ 19 ਸਾਲਾਂ ਦੀ ਉਮਰ ਦਾ) ਬੀਸੀ ਗਰੈਜੂਏਸ਼ਨ ਪ੍ਰੋਗਰਾਮ ਤੋਂ ਬਾਲਗ ਗਰੈਜੂਏਸ਼ਨ ਪ੍ਰੋਗਰਾਮ ਵਿੱਚ ਤਬਦੀਲ ਹੋਣ ਬਾਰੇ ਵਿਚਾਰ ਕਰ ਰਿਹਾ ਹੈ, ਤਾਂ ਸਕੂਲ ਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਿਦਿਆਰਥੀ ਅਤੇ ਉਸਦੇ ਮਾਤਾ-ਪਿਤਾ ੇ ਜਾਂ ਕੇਅਰਗਿਵਰ ਨੂੰ BCAGD ਦੀਆਂ ਉਲਝਣਾਂ ਅਤੇ ਸੰਭਾਵੀ ਸੀਮਾਵਾਂ ਬਾਰੇ ਪੂਰੀ ਤਰ੍ਹਾਂ ਸੂਚਿਤ ਕੀਤਾ ਜਾਂਦਾ ਹੈ, ਜਿਸ ਵਿੱਚ ਡੌਗਵੁੱਡ ਅਤੇ ਅਡੱਲਟ ਡੌਗਵੁੱਡ ਦੇ ਪ੍ਰਮਾਣ-ਪੱਤਰਾਂ ਵਿਚਕਾਰ ਫਰਕ ਅਤੇ ਪੋਸਟ-ਸੈਕੰਡਰੀ ਵਾਸਤੇ ਲੋੜੀਂਦੀਆਂ ਪੂਰਵ-ਲੋੜਾਂ ਵੀ ਸ਼ਾਮਲ ਹਨ।



# ਐਵਰਗ੍ਰੀਨ ਸਰਟੀਫਿਕੇਟ

ਸਕੂਲ ਕੰਪਲੀਸ਼ਨ ਸਰਟੀਫਿਕੇਟ (Evergreen Certificate) ਇੱਕ ਮਾਨਤਾ ਅਤੇ ਸਫਲ ਸਿੱਖਿਆ ਦਾ ਜਸ਼ਨ ਹੈ, ਪਰ ਇਹ ਕੋਈ ਗਰੈਜੂਏਸ਼ਨ ਡਿਪਲੋਮਾ ਨਹੀਂ ਹੈ। ਇਹ ਮਹੱਤਵਪੂਰਨ ਹੈ ਕਿ ਵਿਦਿਆਰਥੀ ਅਤੇ ਉਹਨਾਂ ਦੇ ਮਾਤਾ-ਪਿਤਾ ਜਾਂ ਕੇਅਰਗਿਵਰ ਇਹੋ ਸਮਝਦੇ ਹੋਣ ਕਿ ਐਵਰਗ੍ਰੀਨ ਸਿੱਖਣ ਦੇ ਨਿੱਜੀ ਟੀਚਿਆਂ ਦੀ ਪੂਰਤੀ ਨੂੰ ਦਰਸਾਉਂਦੀ ਹੈ ਪਰ ਇਹ ਗਰੈਜੂਏਸ਼ਨ ਦੀ ਪ੍ਰਤੀਨਿਧਤਾ ਨਹੀਂ ਕਰਦੀ। ਉਹਨਾਂ ਨੂੰ ਇਹ ਵੀ ਸਮਝਣ ਦੀ ਲੋੜ ਹੁੰਦੀ ਹੈ ਕਿ ਇਸ ਫੈਸਲੇ ਦਾ ਕਿਸੇ ਵਿਦਿਆਰਥੀ ਦੇ ਭਵਿੱਖ 'ਤੇ ਕੀ ਅਸਰ ਪੈ ਸਕਦਾ ਹੈ।

ਕਿਸੇ ਬੱਚੇ ਨੂੰ ਐਵਰਗ੍ਰੀਨ ਪੈਥਵੇ 'ਤੇ ਪਾਉਣ ਦਾ ਫੈਸਲਾ ਗਰੇਡ 10 ਤੋਂ ਪਹਿਲਾਂ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਇਸ ਵਿੱਚ ਵਿਦਿਆਰਥੀ ਦੇ ਮਾਤਾ-ਪਿਤਾ ਜਾਂ ਕੇਅਰਗਿਵਰ ਦੀ ਸੂਚਿਤ ਸਹਿਮਤੀ ਵੀ ਸ਼ਾਮਲ ਹੋਣੀ ਚਾਹੀਦੀ ਹੈ।



# ਸੂਬਾਈ ਮੁਲਾਂਕਣ

ਕਿਸੇ ਵਿਦਿਆਰਥੀ ਦੀ ਗਰੈਜੂਏਸ਼ਨ ਲੋੜ ਵਿੱਚ ਸਾਖਰਤਾ ਅਤੇ ਅੰਕ-ਗਣਿਤ ਵਿੱਚ 3 ਸੂਬਾਈ ਮੁਲਾਂਕਣਾਂ ਨੂੰ ਲੈਣਾ ਸ਼ਾਮਲ ਹੋਵੇਗਾ ਅਤੇ ਇਸ ਵਿੱਚ Dual Dogwood ਵਾਸਤੇ ਫਰੈਂਚ ਵਿੱਚ ਵਧੀਕ ਮੁਲਾਂਕਣ ਸ਼ਾਮਲ ਹੋ ਸਕਦੇ ਹਨ। ਉਹਨਾਂ ਵਿਸ਼ੇਸ਼ ਮੁਲਾਂਕਣਾਂ ਨੂੰ ਉਹਨਾਂ ਦੇ ਗਰੈਜੂਏਸ਼ਨ ਸਟੇਟਸ ਅੱਪਡੇਟ 'ਤੇ ਸੂਚੀਬੱਧ ਕੀਤਾ ਜਾਵੇਗਾ,

ਬਾਲਗ ਗਰੈਜੂਏਸ਼ਨ ਡਿਪਲੋਮਾ ਜਾਂ ਐਵਰਗ੍ਰੀਨ ਪ੍ਰੋਗਰਾਮਾਂ ਵਿਚਲੇ ਵਿਦਿਆਰਥੀਆਂ ਨੂੰ ਇਹਨਾਂ ਮੁਲਾਂਕਣਾਂ ਨੂੰ ਲੈਣ ਦੀ ਲੋੜ ਨਹੀਂ ਹੁੰਦੀ।

**ਸਾਡੇ ਨਾਲ ਸੰਪਰਕ ਕਰੋ:** student.reporting@gov.bc.ca

# ਵਾਧੂ ਸੂਚਨਾ

ਅਸੀਂ ਸਮਝਦੇ ਹਾਂ ਕਿ ਇਸ ਕਿਤਾਬਚੇ ਨੂੰ ਪੜ੍ਹਨ ਦੇ ਬਾਅਦ ਵੀ ਤੁਹਾਡੇ ਕੋਈ ਸਵਾਲ ਹੋ ਸਕਦੇ ਹਨ।

ਜੇ ਬੀਸੀ ਵਿੱਚ ਵਿਦਿਆਰਥੀ ਦੀ ਰਿਪੋਰਟਿੰਗ ਵਿੱਚ ਆਉਣ ਵਾਲੀਆਂ ਤਬਦੀਲੀਆਂ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ student.reporting@gov.bc.ca 'ਤੇ ਈਮੇਲ ਜਰੀਏ ਮਨਿਸਟਰੀ ਨਾਲ ਸੰਪਰਕ ਕਰੋ।

ਰਿਪੋਰਟ ਕਾਰਡਾਂ ਬਾਰੇ ਵਧੇਰੇ ਵਿਸ਼ੇਸ਼ ਸਵਾਲਾਂ ਵਾਸਤੇ, ਤੁਸੀਂ ਆਪਣੇ ਬੱਚੇ ਦੇ ਅਧਿਆਪਕ, ਪ੍ਰਿੰਸੀਪਲ, ਜਾਂ ਸਕੂਲ ਡਿਸਟ੍ਰਿਕਟ ਦੇ ਅਮਲੇ ਨਾਲ ਸੰਪਰਕ ਕਰ ਸਕਦੇ ਹੋ। ਉਹ ਤੁਹਾਨੂੰ ਇਸ ਬਾਰੇ ਜਾਣਕਾਰੀ ਪ੍ਰਦਾਨ ਕਰਾਉਣ ਦੇ ਯੋਗ ਹੋਣਗੇ ਕਿ ਤੁਹਾਡੇ ਬੱਚੇ ਦੇ ਸਕੂਲ ਜਾਂ ਸਕੂਲ ਡਿਸਟ੍ਰਿਕਟ ਵਿਚ ਰਿਪੋਰਟਿੰਗ ਕਿਸ ਤਰਾਂ ਕੀਤੀ ਜਾਂਦੀ ਹੈ।

ਤੁਸੀਂ ਅਗਲੇ ਵੈੱਬ ਪੰਨਿਆਂ 'ਤੇ ਵਿਦਿਆਰਥੀ ਸਿੱਖਿਆ ਬਾਰੇ ਵਧੇਰੇ ਜਾਣਕਾਰੀ ਦੇਖ ਸਕਦੇ ਹੋ:

- ਬੀਸੀ ਦਾ ਪਾਠਕ੍ਰਮ - https://curriculum.gov.bc.ca/
- ਮੂਲ ਯੋਗਤਾਵਾਂ - https://curriculum.gov.bc.ca/competencies
- ਗਰੈਜੂਏਸ਼ਨ ਪ੍ਰੋਗਰਾਮ ਹੈਂਡਬੁੱਕ - https://www2.gov.bc.ca/assets/gov/education/administration/kindergarten-to-grade-12/graduation/handbook_of_procedures.pdf
- ਇੰਡਿਜਨਸ-ਕੇਂਦਰਤ ਗਰੈਜੂਏਸ਼ਨ ਜ਼ਰੂਰਤਾਂ - https://www2.gov.bc.ca/gov/content/education-training/k-12/support/indigenous-focused-graduation-requirements
- ਸੂਬਾਈ ਮੁਲਾਂਕਣ - https://curriculum.gov.bc.ca/provincial/assessment





ਈਮੇਲ
student.reporting@gov.bc.ca

ਵੈਬਸਾਈਟ
https://curriculum.gov.bc.ca/